Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 36 10/06/2025 www.samajweekly.com samajweekly @samajweekly samajweekly

# 'ਜੇਕਰ ਵਿਰੋਧੀਆਂ ਦਾ ਸਾਥ ਦਿੱਤਾ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ', ਟਰੰਪ ਨੇ ਮਸਕ ਨੂੰ ਦਿੱਤੀ ਧਮਕੀ

## ਮਸਕ ਦੇ ਨਾਲ ਟਰੰਪ ਦਾ ਰਿਸ਼ਤਾ ਖ਼ਤਮ

**ਅਮਰੀਕਾ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਟੇਸਲਾ ਦੇ ਮੁਖੀ ਐਲੋਨ ਮਸਕ ਵਿਚਕਾਰ ਸ਼ਬਦੀ ਜੰਗ ਹੋਰ ਤੇਜ਼ ਹੁੰਦੀ ਜਾ ਰਹੀ ਹੈ। ਹਾਲਾਂਕਿ ਮਸਕ ਨੇ ਸ਼ਨੀਵਾਰ ਨੂੰ ਨਰਮ ਰੁਖ਼ ਅਪਣਾਇਆ, ਪਰ ਹੁਣ ਡੋਨਾਲਡ ਟਰੰਪ ਨੇ ਮਸਕ ਨੂੰ ਗੰਭੀਰ ਨਤੀਜੇ ਭੁਗਤਣ ਦੀ ਚੇਤਾਵਨੀ ਵੀ ਦੇ ਦਿੱਤੀ ਹੈ। ਦਰਅਸਲ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਐਲੋਨ ਮਸਕ ਨਾਲ ਆਪਣੇ ਟਕਰਾਅ ਤੋਂ ਪਿੱਛੇ ਹਟਦੇ ਨਜ਼ਰ ਨਹੀਂ ਆ ਰਹੇ। ਉਨ੍ਹਾਂ ਨੇ ਸ਼ਨੀਵਾਰ ਨੂੰ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਮਸਕ ਨਾਲ ਸਬੰਧਾਂ ਨੂੰ ਸੁਧਾਰਨ ਦੀ ਕੋਈ ਇੱਛਾ ਨਹੀਂ ਹੈ। ਇੰਨਾ ਹੀ ਨਹੀਂ, ਟਰੰਪ ਨੇ ਚੇਤਾਵਨੀ ਦਿੱਤੀ ਕਿ ਜੇਕਰ ਮਸਕ ਆਉਣ ਵਾਲੀਆਂ ਚੋਣਾਂ ਵਿੱਚ ਡੈਮੋਕ੍ਰੇਟਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ, ਤਾਂ ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਟਰੰਪ ਨੇ ਐਨਬੀਸੀ ਦੀ ਕ੍ਰਿਸਟਨ ਵੇਲਕਰ ਨਾਲ ਇੱਕ ਫੋਨ ਇੰਟਰਵਿਊ ਵਿੱਚ ਕਿਹਾ ਕਿ ਉਨ੍ਹਾਂ ਦਾ ਮਸਕ ਨਾਲ ਸਬੰਧ ਸੁਧਾਰਨ ਦਾ ਕੋਈ



ਇਰਾਦਾ ਨਹੀਂ ਹੈ। ਜਦੋਂ ਟੇਸਲਾ ਅਤੇ ਸਪੇਸਐਕਸ ਦੇ ਉਨ੍ਹਾਂ ਨੂੰ ਖਾਸ ਤੌਰ 'ਤੇ ਸੀਈਓ ਨਾਲ ਉਨ੍ਹਾਂ ਦਾ ਪੁੱਛਿਆ ਗਿਆ ਕਿ ਕੀ ਰਿਸ਼ਤਾ ਖ਼ਤਮ ਹੋ ਗਿਆ ਹੈ, ਉਨ੍ਹਾਂ ਨੂੰ ਲੱਗਦਾ ਹੈ ਕਿ ਤਾਂ ਟਰੰਪ ਨੇ ਜਵਾਬ ਦਿੱਤਾ: "ਹਾਂ, ਮੈਨੂੰ ਲੱਗਦਾ ਹੈ ਤੇ ਹੁਣ ਮਸਕ ਨਾਲ ਗੱਲ ਕਰਨ ਦਾ ਕੋਈ ਇਰਾਦਾ ਨਹੀਂ ਹੈ"।

ਇਸ ਚਰਚਾ ਦੇ ਵਿਚਕਾਰ, ਟਰੰਪ ਨੇ ਇਹ ਚੇਤਾਵਨੀ ਵੀ ਜਾਰੀ ਕੀਤੀ ਕਿ ਮਸਕ 2026 ਦੀਆਂ ਮੱਧਕਾਲੀ ਚੋਣਾਂ ਵਿੱਚ ਡੈਮੋਕ੍ਰੇਟਿਕ ਕਾਨੂੰਨਸਾਜ਼ਾਂ ਅਤੇ ਉਮੀਦਵਾਰਾਂ ਦਾ ਸਮਰਥਨ ਕਰ ਸਕਦੇ ਹਨ। ਟਰੰਪ ਨੇ ਐਨਬੀਸੀ ਨੂੰ ਕਿਹਾ ਕਿ ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

# ਇੰਦੌਰ ਸੈਲਾਨੀ ਗੁੰਮਸ਼ੁਦਗੀ ਮਾਮਲਾ: ਹਨੀਮੂਨ ਦੌਰਾਨ ਪਤਨੀ ਨੇ ਦਿੱਤੀ ਸੀ ਕਤਲ ਦੀ ਸੁਪਾਰੀ, 4 ਗ੍ਰਿਫ਼ਤਾਰ

**ਸ਼ਿਲੌਂਗ।** ਮੇਘਾਲਿਆ ਪੁਲੀਸ ਨੇ ਇੰਦੌਰ ਦੇ ਸੈਲਾਨੀ ਰਾਜਾ ਰਘੂਵੰਸ਼ੀ ਦੇ ਕਤਲ ਦੀ ਗੁੱਥੀ ਸੁਲਝਾ ਲਈ ਹੈ। ਰਘੂਵੰਸ਼ੀ ਨੂੰ ਉਸ ਦੀ ਪਤਨੀ ਸੋਨਮ ਨੇ ਮੇਘਾਲਿਆ ਵਿੱਚ ਹਨੀਮੂਨ ਦੌਰਾਨ ਭਾੜੇ ਦੇ ਆਦਮੀਆਂ ਤੋਂ ਕਥਿਤ ਕਤਲ ਕਰਵਾਇਆ ਸੀ। ਸੋਨਮ ਨੇ ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਵਿੱਚ ਪੁਲੀਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ, ਜਦੋਂ ਕਿ ਤਿੰਨ ਹੋਰ ਹਮਲਾਵਰਾਂ ਨੂੰ ਰਾਤ ਭਰ ਮਾਰੇ ਛਾਪਿਆਂ ਦੌਰਾਨ ਗ੍ਰਿਫਤਾਰ ਕੀਤਾ ਗਿਆ ਹੈ। ਰਘੂਵੰਸ਼ੀ ਅਤੇ ਉਸ ਦੀ ਪਤਨੀ 23 ਮਈ ਨੂੰ ਮੇਘਾਲਿਆ ਦੇ ਸੋਹਰਾ ਖੇਤਰ ਵਿੱਚ ਛੁੱਟੀਆਂ ਮਨਾਉਂਦੇ ਸਮੇਂ ਲਾਪਤਾ ਹੋ ਗਏ ਸਨ। ਰਘੂਵੰਸ਼ੀ ਦੀ ਲਾਸ਼ 2 ਜੂਨ ਨੂੰ ਇੱਕ ਖੱਡ ਵਿੱਚੋਂ ਮਿਲੀ ਸੀ, ਜਦੋਂ ਕਿ ਉਸ ਦੀ ਪਤਨੀ ਦੀ ਭਾਲ ਜਾਰੀ ਸੀ। ਡੀਜੀਪੀ ਆਈ. ਨੋਂਗਰਾਂਗ ਨੇ ਸੋਮਵਾਰ ਸਵੇਰੇ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ, ''ਇੱਕ ਵਿਅਕਤੀ ਨੂੰ ਯੂਪੀ ਤੋਂ ਚੁੱਕਿਆ ਸੀ ਜਦੋਂਕਿ ਦੋ ਹੋਰਨਾਂ ਮੁਲਜ਼ਮਾਂ ਨੂੰ ਵਿਸ਼ੇਸ਼ ਜਾਂਚ ਟੀਮ ਨੇ ਇੰਦੌਰ ਤੋਂ ਕਾਬੂ ਕੀਤਾ ਹੈ।'' ਪੁਲੀਸ ਮੁਖੀ ਨੇ ਕਿਹਾ, ''ਸੋਨਮ ਨੇ ਯੂਪੀ ਦੇ ਨੰਦਗੰਜ ਪੁਲੀਸ ਥਾਣੇ ਵਿੱਚ ਆਤਮ ਸਮਰਪਣ ਕਰ ਦਿੱਤਾ ਹੈ, ਮਗਰੋਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।'' ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਨੇ ਮੰਨਿਆ ਹੈ ਸੋਨਮ ਨੇ ਰਘੂਵੰਸ਼ੀ ਨੂੰ ਮਾਰਨ ਦੀ ਸੁਪਾਰੀ ਦਿੱਤੀ ਸੀ। ਡੀਜੀਪੀ ਨੇ ਕਿਹਾ, ''ਅਪਰਾਧ ਵਿੱਚ ਸ਼ਾਮਲ ਕੁਝ ਹੋਰ ਵਿਅਕਤੀਆਂ ਨੂੰ ਫੜਨ ਲਈ



ਮੱਧ ਪ੍ਰਦੇਸ਼ ਵਿੱਚ ਕਾਰਵਾਈ ਜਾਰੀ ਹੈ।''

ਉਧਰ ਮੁੱਖ ਮੰਤਰੀ ਕੋਨਰਾਡ ਕੇ. ਸੰਗਮਾ ਨੇ ਇਸ ਕੇਸ, ਜਿਸ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ ਸੀ, ਦੀ ਗੁੱਥੀ ਸੁਲਝਾਉਣ ਲਈ ਮੇਘਾਲਿਆ ਪੁਲੀਸ ਨੂੰ ਵਧਾਈ ਦਿੱਤੀ ਹੈ। ਇਸ ਖ਼ਬਰ ਏਜੰਸੀ ਨੇ ਸ਼ਨਿੱਚਰਵਾਰ ਨੂੰ ਆਪਣੀ ਇਕ ਰਿਪੋਰਟ ਵਿਚ ਕਿਹਾ ਸੀ ਕਿ ਮਾਵਲਾਖੀਅਤ ਵਿੱਚ ਇੱਕ ਟੂਰਿਸਟ ਗਾਈਡ ਐਲਬਰਟ ਪੇਡੇ ਨੇ ਰਘੂਵੰਸ਼ੀ ਅਤੇ ਉਸ ਦੀ ਪਤਨੀ ਨੂੰ 23 ਮਈ ਨੂੰ ਲਾਪਤਾ ਹੋਣ ਵਾਲੇ ਦਿਨ ਤਿੰਨ ਆਦਮੀਆਂ ਨਾਲ ਦੇਖਿਆ ਸੀ। ਮਗਰੋਂ ਰਘੂਵੰਸ਼ੀ ਦੀ ਲਾਸ਼ ਵੀਸਾਡੋਂਗ ਫਾਲਸ (ਝਰਨੇ) ਨੇੜੇ ਇੱਕ ਖੱਡ ਵਿੱਚੋਂ ਮਿਲੀ ਸੀ। ਉਸ ਦੀ ਇੱਕ ਸੋਨੇ ਦੀ ਅੰਗੂਠੀ ਅਤੇ ਗਲੇ ਦੀ ਚੇਨ ਗਾਇਬ ਸੀ, ਜਿਸ ਨਾਲ ਸ਼ੱਕ ਪੈਦਾ ਹੋ ਗਿਆ ਕਿ ਉਸ ਦੀ ਹੱਤਿਆ ਕੀਤੀ ਗਈ ਹੈ। ਇਸ ਤੋਂ ਇਕ ਦਿਨ ਬਾਅਦ ਨੇੜੇ ਹੀ ਇੱਕ ਖੂਨ ਨਾਲ ਲੱਥਪੱਥ ਚਾਕੂ ਮਿਲਿਆ, ਅਤੇ ਦੋ ਦਿਨ ਬਾਅਦ, ਸੋਹਰਾਰੀਮ ਅਤੇ ਖੱਡ ਵਿਚਕਾਰ, ਜਿੱਥੇ ਰਘੂਵੰਸ਼ੀ ਦੀ ਲਾਸ਼ ਮਿਲੀ ਸੀ, ਮਾਵਮਾ ਪਿੰਡ ਵਿੱਚ ਇੱਕ ਰੇਨਕੋਟ ਮਿਲਿਆ ਜੋ ਦੰਪਤੀ ਵੱਲੋਂ ਵਰਤੇ ਗਏ ਰੇਨਕੋਟ ਵਰਗਾ ਸੀ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਨੇ ਸ਼ਨਿੱਚਰਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਮਾਮਲੇ ਦੀ ਸੀਬੀਆਈ ਜਾਂਚ ਦਾ ਹੁਕਮ ਦੇਣ ਦੀ ਬੇਨਤੀ ਕੀਤੀ ਹੈ। ਰਘੂਵੰਸ਼ੀ ਤੇ ਉਸ ਦੀ ਪਤਨੀ ਸੋਨਮ ਦਾ ਵਿਆਹ 11 ਮਈ ਨੂੰ ਹੋਇਆ ਸੀ ਤੇ ਉਹ ਮੇਘਾਲਿਆ ਵਿਚ ਹਨੀਮੂਨ ਲਈ 20 ਮਈ ਨੂੰ ਨਿਕਲੇ ਸਨ। ਉਹ ਕਿਰਾਏ ਦੇ ਸਕੂਟਰ 'ਤੇ 22 ਮਈ ਨੂੰ ਓਾਲਓਕਹਿਓਟ ਪਿੰਡ ਪਹੁੰਚੇ ਸਨ। ਉਨ੍ਹਾਂ ਦਾ ਸਕੂਟਰ 24 ਮਈ ਨੂੰ ਸ਼ਿਲੌਂਗ ਤੋਂ ਸੋਹਰਾ ਜਾਣ ਵਾਲੀ ਸੜਕ ਕਿਨਾਰੇ ਇੱਕ ਕੈਫੇ ਦੇ ਬਾਹਰੋਂ ਮਿਲਿਆ, ਜਿਸ ਤੋਂ ਬਾਅਦ ਉਨ੍ਹਾਂ ਦੀ ਭਾਲ ਸ਼ੁਰੂ ਹੋ ਗਈ। ਐੱਸਪੀ ਦੀ ਅਗਵਾਈ ਵਾਲੀ ਅਤੇ ਚਾਰ ਡੀਐੱਸਪੀ ਦੀ ਸਹਾਇਤਾ ਨਾਲ ਇੱਕ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਮਾਮਲੇ ਦੀ ਜਾਂਚ ਕਰ ਰਹੀ ਸੀ।

# ਪ੍ਰੈਸ ਕਾਨਫਰੰਸਾਂ ਤੋਂ ਕਿਉਂ 'ਭੱਜ' ਰਹੇ ਨੇ ਮੋਦੀ: ਕਾਂਗਰਸ ਨੇ ਸੇਧਿਆ ਨਿਸ਼ਾਨਾ

**ਨਵੀਂ ਦਿੱਲੀ।** ਕਾਂਗਰਸ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ 'ਅਣਲਿਖਤ' ਪ੍ਰੈਸ ਕਾਨਫਰੰਸ ਨਾ ਕਰਨ ਨੂੰ ਲੈ ਕੇ ਆਪਣਾ ਹਮਲਾ ਤੇਜ਼ ਕਰ ਦਿੱਤਾ ਅਤੇ ਪੁੱਛਿਆ ਕਿ ਉਹ ਅਜੇ ਵੀ (ਪ੍ਰੈਸ ਕਾਨਫਰੰਸ ਤੋਂ) 'ਭੱਜ' ਕਿਉਂ ਰਹੇ ਹਨ। ਪਾਰਟੀ ਨੇ ਪੁੱਛਿਆ ਹੈ ਕਿ ਕੀ ਸਵਾਲ-ਜਵਾਬ ਤਿਆਰ ਕਰਨ ਅਤੇ ਉਨ੍ਹਾਂ ਨੂੰ ਸਵਾਲ ਕਰਨ ਵਾਸਤੇ ਅਜਿਹੇ ਢੁਕਵੇਂ ਵਿਅਕਤੀਆਂ ਨੂੰ ਲੱਭਣ ਵਿੱਚ ਸਮਾਂ ਲੱਗ ਰਿਹਾ ਹੈ, ਜਿਹੜੇ 'ਖ਼ੁਸ਼ਾਮਦੀ ਢੰਗ ਨਾਲ' ਉਨ੍ਹਾਂ ਨੂੰ ਸਵਾਲ-ਜਵਾਬ ਕਰ ਸਕਣ।

ਕਾਂਗਰਸ ਦੇ ਜਨਰਲ ਸਕੱਤਰ ਇੰਚਾਰਜ ਸੰਚਾਰ ਜੈਰਾਮ ਰਮੇਸ਼ ਨੇ ਕਿਹਾ ਕਿ ਪਾਰਟੀ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ 11 ਸਾਲ ਦਕ ਕਾਰਜਕਾਲ ਦੇ ਪੂਰੇ ਹੋਣ 'ਤੇ ਆਪਣੀ ਪਹਿਲੀ 'ਅਣਲਿਖਤ ਤੇ ਅਗਾਊਂ ਪਟਕਥਾ ਰਹਿਤ' ਪ੍ਰੈਸ ਕਾਨਫਰੰਸ ਕਰਨ ਦੀ ਚੁਣੌਤੀ ਦਿੱਤੀ ਹੈ। ਭਾਵ ਅਜਿਹੀ ਪ੍ਰੈਸ ਕਾਨਫਰੰਸ ਜਿਸ ਦੇ ਸਵਾਲ ਤੇ ਜਵਾਬ ਪਹਿਲਾਂ ਤਿਆਰ ਨਾ ਕੀਤੇ ਗਏ ਹੋਣ।




ਉਨ੍ਹਾਂ ਬੀਤੇ ਦਿਨ ਕਿਹਾ, "ਅੱਜ, ਭਾਜਪਾ ਪ੍ਰਧਾਨ ਜੇ. ਪੀ. ਨੱਡਾ ਨੂੰ +11 ਸਾਲ ਦੇ ਚੱਕੀ ਦੇ ਪੱਥਰ (ਮੀਲ ਪੱਥਰ ਨਹੀਂ) ਨੂੰ ਉਜਾਗਰ ਕਰਨ ਲਈ ਦੁਪਹਿਰ 12 ਵਜੇ ਪ੍ਰੈਸ ਨੂੰ ਮਿਲਣ ਲਈ ਮੈਦਾਨ ਵਿੱਚ ਉਤਾਰਿਆ ਗਿਆ ਹੈ।" ਰਮੇਸ਼ ਨੇ X 'ਤੇ ਕਿਹਾ, "ਪ੍ਰਧਾਨ ਮੰਤਰੀ ਅਜੇ ਵੀ ਕਿਉਂ ਭੱਜ ਰਹੇ ਹਨ? ਜਾਂ ਕੀ ਸਵਾਲ-ਜਵਾਬ ਤਿਆਰ ਕਰਨ ਅਤੇ ਉਨ੍ਹਾਂ ਤੋਂ 'ਪੁੱਛਗਿੱਛ' ਕਰਨ ਲਈ ਢੁਕਵੇਂ ਵਿਅਕਤੀਆਂ ਨੂੰ ਲੱਭਣ ਵਿੱਚ ਸਮਾਂ ਲੱਗ ਰਿਹਾ ਹੈ? ਜਾਂ ਕੀ ਭਾਰਤ ਮੰਡਪਮ ਪੂਰੀ ਤਰ੍ਹਾਂ ਤਿਆਰ ਨਹੀਂ ਹੈ?"ਇੱਕ ਹੋਰ ਪੋਸਟ ਵਿੱਚ, ਰਮੇਸ਼ ਨੇ ਭਾਜਪਾ ਹੈੱਡਕੁਆਰਟਰ ਵਿੱਚ ਕਰਵਾਈ ਗਈ ਪ੍ਰੈਸ ਕਾਨਫਰੰਸ ਦਾ ਹਿੱਸਾ ਨਾ ਬਣਨ ਲਈ ਮੋਦੀ 'ਤੇ ਨਿਸ਼ਾਨਾ ਸੇਧਿਆ। ਰਮੇਸ਼ ਨੇ ਹਿੰਦੀ ਵਿੱਚ ਕੀਤੀ ਪੋਸਟ ਵਿਚ ਕਿਹਾ, "ਗਿਆਰਾਂ ਸਾਲ ਮਨਾ ਰਹੇ ਹਨ ਪਰ ਫਿਰ ਵੀ ਪ੍ਰਧਾਨ ਮੰਤਰੀ ਇੱਕ ਅਣਲਿਖਤ ਅਤੇ ਪਹਿਲਾਂ ਤੋਂ ਨਿਰਧਾਰਤ ਪ੍ਰੈਸ ਕਾਨਫਰੰਸ ਤੋਂ 'ਨੌਂ ਦੋ ਗਿਆਰਾ' ਬਣੇ ਹੋਏ ਹਨ। ਭਾਰਤ ਮੰਡਪਮ ਉਨ੍ਹਾਂ ਦੀ ਉਡੀਕ ਕਰ ਰਿਹਾ ਹੈ।"ਕਾਂਗਰਸ ਦੇ ਹਮਲੇ 'ਤੇ ਭਾਜਪਾ ਜਾਂ ਸਰਕਾਰ ਵੱਲੋਂ ਕੋਈ ਤੁਰੰਤ ਜਵਾਬ ਨਹੀਂ ਆਇਆ।

# ਦ ਗ੍ਰੇਟ ਇੰਡੀਅਨ ਕਪਿਲ ਸ਼ਰਮਾ ਸ਼ੋਅ ਦੇ ਤੀਜੇ ਸੀਜ਼ਨ 'ਚ ਕਪਿਲ ਅਤੇ ਸਿੱਧੂ ਦੀ ਫਿਰ ਬਣੇਗੀ ਜੋੜੀ

**ਚੰਡੀਗੜ੍ਹ।** ਪੰਜਾਬ ਕਾਂਗਰਸ ਦੇ ਨੇਤਾ ਅਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ 5 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਦ ਗ੍ਰੇਟ ਇੰਡੀਅਨ ਕਪਿਲ ਸ਼ਰਮਾ ਸ਼ੋਅ ਵਿੱਚ ਵਾਪਿਸ ਆ ਰਹੇ ਹਨ। ਸ਼ੋਅ ਦਾ ਤੀਜਾ ਸੀਜ਼ਨ 21 ਜੂਨ, 2025 ਨੂੰ ਨੈੱਟਫਲਿਕਸ 'ਤੇ ਪ੍ਰੀਮੀਅਰ ਹੋਵੇਗਾ। ਜਿਸ ਵਿੱਚ ਕਪਿਲ ਸ਼ਰਮਾ ਅਤੇ ਨਵਜੋਤ ਸਿੰਘ ਸਿੱਧੂ ਦੀ ਜੋੜੀ ਇਕੱਠੇ ਦਿਖਾਈ ਦੇਵੇਗੀ।

ਦੱਸ ਦੇਈਏ ਕਿ ਨੈੱਟਫਲਿਕਸ ਨੇ ਆਪਣੇ ਸੋਸ਼ਲ ਮੀਡੀਆ ਪੇਜ਼ 'ਤੇ ਇਹ ਜਾਣਕਾਰੀ ਦਿੱਤੀਹੈ। 'ਦ ਗ੍ਰੇਟ ਇੰਡੀਅਨ ਕਪਿਲ ਸ਼ੋਅ' ਦਾ ਨਵਾਂ ਸੀਜ਼ਨ ਜੋ 21 ਜੂਨ ਤੋਂ ਹਰ



ਸ਼ਨੀਵਾਰ ਰਾਤ 8 ਵਜੇ ਸ਼ੁਰੂ ਹੋ ਰਿਹਾ ਹੈ। ਨਵਜੋਤ ਸਿੰਘ ਸਿੱਧੂ ਨੇ ਹਾਲ ਹੀ ਵਿੱਚ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਵੀਡੀਓ ਸਾਂਝਾ ਕਰਕੇ ਆਪਣੀ ਵਾਪਸੀ ਦੀ ਪੁਸ਼ਟੀ ਕੀਤੀ।

# ਕੇਰਲ ਤੱਟ ਨੇੜੇ ਸਮੁੰਦਰ ਵਿੱਚ ਵੱਡਾ ਹਾਦਸਾ, ਕਾਰਗੋ ਜਹਾਜ਼ ਵਿੱਚ ਧਮਾਕਾ

**ਕੇਰਲ।** ਅਰਬ ਸਾਗਰ ਵਿੱਚ ਕੇਰਲ ਤੱਟ ਤੋਂ ਕੁਝ ਦੂਰੀ 'ਤੇ ਇੱਕ ਗੰਭੀਰ ਸਮੁੰਦਰੀ ਹਾਦਸਾ ਸਾਹਮਣੇ ਆਇਆ ਹੈ। ਕੋਲੰਬੋ ਤੋਂ ਨਹਾਵਾ ਸ਼ੇਵਾ (ਮੁੰਬਈ) ਜਾ ਰਿਹਾ ਇੱਕ ਕੰਟੇਨਰ ਜਹਾਜ਼ 'ੜ ਅੰ ਅੀ 503 ਵਿੱਚ ਅਚਾਨਕ ਧਮਾਕਾ ਹੋ ਗਿਆ, ਜਿਸ ਨਾਲ ਜਹਾਜ਼ ਵਿੱਚ ਸਵਾਰ ਚਾਲਕ ਦਲ ਦੇ ਮੈਂਬਰਾਂ ਦੀ ਜਾਨ ਖ਼ਤਰੇ ਵਿੱਚ ਪੈ ਗਈ। ਇਹ ਧਮਾਕਾ ਜਹਾਜ਼ ਦੇ ਹੇਠਲੇ ਡੈੱਕ (ਡੇਕ ਦੇ ਹੇਠਾਂ) ਵਿੱਚ ਹੋਇਆ, ਜਦੋਂ ਜਹਾਜ਼ ਕੋਚੀ ਤੋਂ ਲਗਭਗ 315 ਕਿਲੋਮੀਟਰ ਪੱਛਮ ਵਿੱਚ ਸੀ।

ਧਮਾਕੇ ਤੋਂ ਬਾਅਦ ਜਹਾਜ਼ ਵਿੱਚ ਹਫ਼ੜਾ-ਦਫ਼ੜੀ ਮਚ ਗਈ। ਹਾਦਸੇ ਸਮੇਂ ਜਹਾਜ਼ 'ਤੇ ਕੁੱਲ 22 ਚਾਲਕ ਦਲ ਦੇ ਮੈਂਬਰ ਮੌਜੂਦ ਸਨ। ਇਨ੍ਹਾਂ ਵਿੱਚੋਂ 4 ਲੋਕ ਅਜੇ ਵੀ ਲਾਪਤਾ ਹਨ, ਜਦੋਂ ਕਿ 5 ਹੋਰ ਗੰਭੀਰ ਜ਼ਖ਼ਮੀ ਹੋਏ ਹਨ। ਰਾਹਤ ਦੀ ਗੱਲ ਇਹ ਹੈ ਕਿ ਬਾਕੀ ਮੈਂਬਰ ਫ਼ਿਲਹਾਲ ਸੁਰੱਖਿਅਤ ਦੱਸੇ ਜਾ ਰਹੇ ਹਨ। ਭਾਰਤੀ ਤੱਟ ਰੱਖਿਅਕ ਅਤੇ ਜਲ ਸੈਨਾ ਨੇ ਰਾਹਤ ਅਤੇ ਬਚਾਅ ਕਾਰਜ ਤੇਜ਼ ਕਰ ਦਿੱਤੇ ਹਨ। ਜਾਣਕਾਰੀ



ਅਨੁਸਾਰ, ਜਹਾਜ਼ 'ਤੇ ਲਗਭਗ 600 ਕੰਟੇਨਰ ਭਰੇ ਹੋਏ ਸਨ, ਜਿਨ੍ਹਾਂ ਵਿੱਚੋਂ 50 ਤੋਂ ਵੱਧ ਧਮਾਕੇ ਤੋਂ ਬਾਅਦ ਸਮੁੰਦਰ ਵਿੱਚ ਡਿੱਗ ਗਏ ਹਨ। ਧਮਾਕੇ ਦੇ ਕਾਰਨਾਂ ਦਾ ਅਜੇ ਸਪੱਸ਼ਟ ਤੌਰ 'ਤੇ ਪਤਾ ਨਹੀਂ ਲੱਗ ਸਕਿਆ ਹੈ, ਪਰ ਸ਼ੁਰੂਆਤੀ ਖਦਸ਼ਾ ਹੈ ਕਿ ਧਮਾਕਾ ਸ਼ਾਇਦ ਕਿਸੇ ਕੰਟੇਨਰ ਦੇ ਅੰਦਰੋਂ ਹੋਇਆ ਹੈ। ਘਟਨਾ ਤੋਂ ਤੁਰੰਤ ਬਾਅਦ, ਭਾਰਤੀ ਜਲ ਸੈਨਾ ਅਤੇ ਭਾਰਤੀ ਤੱਟ ਰੱਖਿਅਕ (ICG) ਹਰਕਤ ਵਿੱਚ ਆ ਗਏ। ਕੋਝੀਕੋਡ ਦੇ ਬੇਪੋਰ ਤੱਟ ਨੇੜੇ ਹੋਏ ਹਾਦਸੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਜਲ ਸੈਨਾ ਦੇ ਪੀਆਰਓ ਨੇ ਕਿਹਾ ਕਿ ਇਹ ਸਿੰਗਾਪੁਰ-ਝੰਡੇ ਵਾਲਾ ਕੰਟੇਨਰ ਜਹਾਜ਼ ਹੈ ਜਿਸ ਦੀ ਲੰਬਾਈ 270 ਮੀਟਰ ਅਤੇ 12.5 ਮੀਟਰ ਦਾ ਡਰਾਫਟ ਹੈ, ਜੋ 7 ਜੂਨ ਨੂੰ ਕੋਲੰਬੋ ਤੋਂ ਰਵਾਨਾ ਹੋਇਆ ਸੀ ਅਤੇ 10 ਜੂਨ ਨੂੰ ਨਹਾਵਾ ਸ਼ੇਵਾ ਪਹੁੰਚਣ ਵਾਲਾ ਸੀ।

ਤੱਟ ਰੱਖਿਅਕਾਂ ਦੁਆਰਾ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਆਈਸੀਜੀ ਦੇ ਡੋਰਨੀਅਰ ਨਿਗਰਾਨੀ ਜਹਾਜ਼ ਨੂੰ ਇਲਾਕੇ ਵਿੱਚ ਭੇਜਿਆ ਗਿਆ ਹੈ, ਜਦੋਂ ਕਿ ਤਿੰਨ ਤੱਟ ਰੱਖਿਅਕ ਜਹਾਜ਼ - ਆਈਸੀਜੀਐਸ ਰਾਜਦੂਤ (ਨਿਊ ਮੰਗਲੌਰ ਤੋਂ), ਆਈਸੀਜੀਐਸ ਅਰਨਵੇਸ਼ (ਕੋਚੀ ਤੋਂ), ਅਤੇ ਆਈਸੀਜੀਐਸ ਸਚੇਤ (ਅਗਾਤੀ ਤੋਂ) ਨੂੰ ਘਟਨਾ ਵਾਲੀ ਥਾਂ 'ਤੇ ਤੇਜ਼ੀ ਨਾਲ ਭੇਜਿਆ ਗਿਆ ਹੈ। ਆਈਸੀਜੀ ਦੇ ਅਨੁਸਾਰ, ਲਾਪਤਾ ਵਿਅਕਤੀਆਂ ਨੂੰ ਲੱਭਣ ਅਤੇ ਜ਼ਖ਼ਮੀਆਂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਲਈ ਸਮੁੰਦਰ ਵਿੱਚ ਇੱਕ ਤੀਬਰ ਖੋਜ ਕਾਰਜ ਚੱਲ ਰਿਹਾ ਹੈ। ਤੱਟ ਰੱਖਿਅਕ ਸਥਿਤੀ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ ਅਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕੋਈ ਹੋਰ ਨੁਕਸਾਨ ਨਾ ਹੋਵੇ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਯਾਤਰਾ 'ਤੇ ਹੋਣਗੇ ਰਵਾਨਾ



**ਨਵੀਂ ਦਿੱਲੀ।** ਭਾਰਤ ਦੇ ਪੁਲਾੜ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਜੁੜਨ ਜਾ ਰਿਹਾ ਹੈ। 41 ਸਾਲਾਂ ਬਾਅਦ ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਮੰਗਲਵਾਰ (10 ਜੂਨ) ਸਵੇਰੇ ਐਕਸੀਓਮ ਸਪੇਸ ਦੇ ਐਕਸੀਓਮ-4 ਮਿਸ਼ਨ ਤਹਿਤ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਯਾਤਰਾ 'ਤੇ ਰਵਾਨਾ ਹੋਣਗੇ। ਇਹ ਮਿਸ਼ਨ ਅਮਰੀਕੀ ਪੁਲਾੜ ਏਜੰਸੀ ਨਾਸਾ ਅਤੇ ਨਿੱਜੀ ਕੰਪਨੀ ਸਪੇਸਐਕਸ ਨਾਲ ਸਾਂਝੇਦਾਰੀ ਵਿੱਚ ਕੀਤਾ ਜਾ ਰਿਹਾ ਹੈ। ਯਾਤਰਾ ਲਈ ਰਵਾਨਾ ਹੋਣ ਤੋਂ ਪਹਿਲਾਂ, ਸ਼ੁਭਾਂਸ਼ੂ ਨੇ ਕਿਹਾ, ਮਿਸ਼ਨ ਦਾ ਹਿੱਸਾ ਬਣਨਾ ਬਹੁਤ ਖੁਸ਼ਕਿਸਮਤ ਹੈ। ਸ਼ੁਕਲਾ, ਜਿਸਨੂੰ 'ਸ਼ੈਕਸ' ਉਪਨਾਮ ਨਾਲ ਜਾਣਿਆ ਜਾਂਦਾ ਹੈ, ਪੁਲਾੜ ਦੀ ਯਾਤਰਾ ਕਰਨ ਵਾਲਾ ਦੂਜਾ ਭਾਰਤੀ ਹੋਵੇਗਾ। 41 ਸਾਲ ਪਹਿਲਾਂ, ਉਨ੍ਹਾਂ ਦੇ ਆਦਰਸ਼ ਰਾਕੇਸ਼ ਸ਼ਰਮਾ ਨੇ 1984 ਵਿੱਚ ਉਸ ਸਮੇਂ ਦੇ ਸੋਵੀਅਤ ਯੂਨੀਅਨ ਦੇ ਸੋਯੂਜ਼ ਪੁਲਾੜ ਯਾਨ ਵਿੱਚ ਸਵਾਰ ਹੋ ਕੇ ਅੱਠ ਦਿਨ ਤੱਕ ਔਰਬਿਟ ਵਿੱਚ ਰਹਿਣ ਲਈ ਪੁਲਾੜ ਵਿੱਚ ਉਡਾਣ ਭਰੀ ਸੀ।

ਪੁਲਾੜ ਯਾਨ ਨੂੰ ਨਾਸਾ ਦੇ ਕੈਨੇਡੀ ਸਪੇਸ ਸੈਂਟਰ ਤੋਂ ਭਾਰਤੀ ਸਮੇਂ ਅਨੁਸਾਰ ਸਵੇਰੇ 6.12 ਵਜੇ ਸਪੇਸਐਕਸ ਦੇ ਫਾਲਕਨ 9 ਰਾਕੇਟ ਰਾਹੀਂ ਲਾਂਚ ਕੀਤਾ ਜਾਵੇਗਾ। 28 ਘੰਟੇ ਦੀ ਆਪਣੀ ਯਾਤਰਾ ਤੋਂ ਬਾਅਦ, ਪੁਲਾੜ ਯਾਨ 11 ਜੂਨ ਨੂੰ ਰਾਤ 10 ਵਜੇ (ਭਾਰਤੀ ਸਮੇਂ ਅਨੁਸਾਰ) ਪੁਲਾੜ ਸਟੇਸ਼ਨ ਨਾਲ ਜੁੜ ਜਾਵੇਗਾ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲਾਸ ਏਂਜਲਸ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਕਾਰਵਾਈ ਵਿਰੁੱਧ ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡੇ ਸਾੜੇ



**ਲਾਸ ਏਂਜਲਸ।** ਅਮਰੀਕਾ ਦੇ ਲਾਸ ਏਂਜਲਸ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਕਾਰਵਾਈ ਦੇ ਵਿਰੁੱਧ ਤਿੰਨ ਦਿਨਾਂ ਦਾ ਵਿਰੋਧ ਹਿੰਸਕ ਹੋ ਗਿਆ ਹੈ। ਪ੍ਰਦਰਸ਼ਨਕਾਰੀਆਂ ਨੇ ਸ਼ਹਿਰ ਭਰ ਦੀਆਂ ਕਈ ਸੜਕਾਂ 'ਤੇ ਅੱਗ ਲਗਾ ਦਿੱਤੀ ਹੈ। ਇਸ ਦੌਰਾਨ ਸੈਂਕੜੇ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ ਹੈ। ਇਸ ਦੌਰਾਨ ਕਈ ਪ੍ਰਦਰਸ਼ਨਕਾਰੀ ਮੈਕਸੀਕੋ ਦੇ ਝੰਡੇ ਲੈ ਕੇ ਵਿਰੋਧ ਪ੍ਰਦਰਸ਼ਨ ਕਰਨ ਆਏ। ਸਥਿਤੀ ਨੂੰ ਕਾਬੂ ਕਰਨ ਲਈ, ਅਮਰੀਕੀ ਨੈਸ਼ਨਲ ਗਾਰਡ ਨੇ ਐਤਵਾਰ ਦੇਰ ਰਾਤ ਪ੍ਰਦਰਸ਼ਨਕਾਰੀਆਂ 'ਤੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ ਅਤੇ ਭੀੜ ਨੂੰ ਪਿੱਛੇ ਧੱਕ ਦਿੱਤਾ। ਕਈ ਪ੍ਰਦਰਸ਼ਨਕਾਰੀ ਅਮਰੀਕੀ ਝੰਡੇ 'ਤੇ ਥੁੱਕਦੇ ਅਤੇ ਸਾੜਦੇ ਵੀ ਦੇਖੇ ਗਏ। ਇਹ ਘਟਨਾ ਮੈਟਰੋਪੋਲੀਟਨ ਡਿਟੈਂਸ਼ਨ ਸੈਂਟਰ ਦੇ ਬਾਹਰ ਵਾਪਰੀ, ਜਿੱਥੇ ਪ੍ਰਦਰਸ਼ਨਕਾਰੀ ਇਕੱਠੇ ਹੋਏ ਸਨ। ਕੁਝ ਪ੍ਰਦਰਸ਼ਨਕਾਰੀਆਂ ਨੇ "ਗੋ ਹੋਮ" ਅਤੇ 'ਸ਼ੇਮ' ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਸ਼ਹਿਰ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਕਬਜ਼ੇ ਵਿੱਚ ਹੈ, ਇਸਨੂੰ ਜਲਦੀ ਹੀ ਆਜ਼ਾਦ ਕਰਵਾਇਆ ਜਾਵੇਗਾ। ਟਰੰਪ ਨੇ ਪ੍ਰਦਰਸ਼ਨਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਵੀ ਗੱਲ ਕੀਤੀ ਹੈ।

# ਪੰਜਾਬ ਤੇ ਹਰਿਆਣਾ ਨੂੰ ਨਹੀਂ ਮਿਲੀ ਗਰਮੀ ਤੋਂ ਰਾਹਤ, ਸਿਰਸਾ ਸੱਭ ਤੋਂ ਗਰਮ ਤਾਪਮਾਨ 46.4 ਡਿਗਰੀ ਸੈਲਸੀਅਸ

## ਰਾਜਧਾਨੀ ਦਿੱਲੀ 'ਚ ਤਾਪਮਾਨ 49 ਡਿਗਰੀ ਨੇੜੇ ਪੁੱਜਾ, 12 ਜੂਨ ਤਕ ਬਹੁਤ ਗਰਮ ਮੌਸਮ ਬਣਿਆ ਰਹੇਗਾ

**ਚੰਡੀਗੜ੍ਹ ।** ਹਰਿਆਣਾ ਅਤੇ ਪੰਜਾਬ 'ਚ ਸੋਮਵਾਰ ਨੂੰ ਤੇਜ਼ ਗਰਮੀ ਤੋਂ ਕੋਈ ਰਾਹਤ ਨਹੀਂ ਮਿਲੀ। ਦੋਹਾਂ ਸੂਬਿਆਂ 'ਚ ਸਿਰਸਾ ਸਭ ਤੋਂ ਗਰਮ ਸਥਾਨ ਰਿਹਾ ਜਿਥੇ ਤਾਪਮਾਨ 46.4 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ, ਜਦਕਿ ਦੋਹਾਂ ਸੂਬਿਆਂ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ 'ਚ ਇਸ ਸੀਜ਼ਨ ਦਾ ਹੁਣ ਤਕ ਦਾ ਸੱਭ ਤੋਂ ਵੱਧ ਤਾਪਮਾਨ 43.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਸੂਬੇ ਦੇ ਜ਼ਿਆਦਾਤਰ ਹੋਰ ਸਥਾਨਾਂ 'ਤੇ ਵੀ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਵੱਧ ਦਰਜ ਕੀਤਾ ਗਿਆ।

ਦਿੱਲੀ 'ਚ ਗਰਮੀ ਦਾ ਸਭ ਤੋਂ ਜ਼ਿਆਦਾ ਕਹਿਰ ਵੇਖਿਆ ਗਿਆ ਜਿਥੇ ਤਾਪਮਾਨ 48.9 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ। ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ.) ਨੇ ਅਗਲੇ ਦੋ ਦਿਨਾਂ ਲਈ ਸੰਤਰੀ ਚੇਤਾਵਨੀ ਜਾਰੀ ਕਰਦਿਆਂ



ਲੋਕਾਂ ਨੂੰ ਸਾਵਧਾਨ ਰਹਿਣ ਅਤੇ ਲੂ ਤੋਂ ਬਚਣ ਲਈ ਕਦਮ ਚੁੱਕਣ ਦੀ ਚੇਤਾਵਨੀ ਦਿਤੀ। ਸੋਮਵਾਰ ਨੂੰ ਸ਼ਹਿਰ ਦਾ ਅਸਲ ਵੱਧ ਤੋਂ ਵੱਧ ਤਾਪਮਾਨ 43.4 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ, ਜੋ ਮੌਸਮੀ ਔਸਤ ਨਾਲੋਂ 3.4 ਡਿਗਰੀ ਵੱਧ ਹੈ। ਘੱਟੋ-ਘੱਟ ਤਾਪਮਾਨ 27.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਨਮੀ ਦਾ ਪੱਧਰ 48 ਤੋਂ 25 ਫ਼ੀ ਸਦੀ ਦੇ ਵਿਚਕਾਰ ਰਿਹਾ, ਜਿਸ ਨਾਲ ਮੌਸਮ ਹੋਰ ਵੀ ਗਰਮ ਮਹਿਸੂਸ ਹੋਇਆ। ਆਈ.ਐਮ.ਡੀ. ਦੇ ਅਨੁਸਾਰ, ਦਿੱਲੀ 'ਚ ਘੱਟੋ-ਘੱਟ 12 ਜੂਨ ਤਕ ਬਹੁਤ ਗਰਮ ਮੌਸਮ ਬਣਿਆ ਰਹੇਗਾ। ਆਈ.ਐਮ.ਡੀ. ਨੇ ਕਿਹਾ ਕਿ ਦਿਨ ਦਾ ਤਾਪਮਾਨ 44 ਡਿਗਰੀ ਸੈਲਸੀਅਸ ਦੇ ਆਸ ਪਾਸ ਰਹਿਣ ਦੀ ਉਮੀਦ ਹੈ, ਜਦਕਿ ਰਾਤ ਵੀ ਲਗਭਗ 28 ਡਿਗਰੀ ਸੈਲਸੀਅਸ ਗਰਮ ਰਹੇਗੀ। ਮੌਸਮ ਵਿਭਾਗ ਮੁਤਾਬਕ ਰੋਹਤਕ 'ਚ ਵੱਧ ਤੋਂ ਵੱਧ ਤਾਪਮਾਨ 45.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜਦਕਿ ਹਿਸਾਰ 'ਚ ਵੀ ਤੇਜ਼ ਗਰਮੀ ਦਰਜ ਕੀਤੀ ਗਈ, ਜਿੱਥੇ ਵੱਧ ਤੋਂ ਵੱਧ ਤਾਪਮਾਨ 44 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਨਾਰਨੌਲ ਦਾ ਵੱਧ ਤੋਂ ਵੱਧ ਤਾਪਮਾਨ 44.6 ਡਿਗਰੀ ਸੈਲਸੀਅਸ, ਕਰਨਾਲ ਦਾ 43.5 ਡਿਗਰੀ ਸੈਲਸੀਅਸ ਅਤੇ ਅੰਬਾਲਾ ਦਾ ਵੱਧ ਤੋਂ ਵੱਧ ਤਾਪਮਾਨ 43.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

# ਮਹਾਰਾਸ਼ਟਰ ਵਿਚ ਰੇਲਗੱਡੀ ਤੋਂ ਡਿੱਗਣ ਕਾਰਨ 5 ਲੋਕਾਂ ਦੀ ਮੌਤ



**ਨਵੀਂ ਦਿੱਲੀ।** ਮਹਾਰਾਸ਼ਟਰ ਦੇ ਕਲਿਆਣ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ ਹੈ। ਦੱਸ ਦੇਈਏ ਕਿ ਇਹ ਰੇਲ ਹਾਦਸਾ ਸੋਮਵਾਰ 9 ਜੂਨ ਨੂੰ ਸਵੇਰੇ ਵਾਪਰਿਆ ਹੈ, ਇਹ ਹਾਦਸਾ ਉਦੋਂ ਵਾਪਰਿਆ ਜਦੋ ਕਲਿਆਣ ਜੰਕਸ਼ਨ 'ਤੇ ਪੁਸ਼ਪਕ ਐਕਸਪ੍ਰੈੱਸ ਤੋਂ ਪੰਜ ਯਾਤਰੀ ਹੇਠਾਂ ਡਿੱਗ ਪਏ। ਦੱਸਿਆ ਜਾ ਰਿਹਾ ਹੈ ਕਿ ਜਦੋਂ ਰੇਲਗੱਡੀ ਕਲਿਆਣ ਜੰਕਸ਼ਨ 'ਤੇ ਰੁਕੀ ਤਾਂ ਹਰ ਰੋਜ਼ ਦਫ਼ਤਰ ਜਾਣ ਵਾਲੇ ਲੋਕ ਇਸ ਵਿੱਚ ਚੜ੍ਹਨ ਲਈ ਭੱਜੇ ਆਏ। ਇਸ ਦੌਰਾਨ ਭਾਰੀ ਭੀੜ ਅਤੇ ਧੱਕਾ-ਮੁੱਕੀ ਕਾਰਨ ਇਹ ਹਾਦਸਾ ਵਾਪਰਿਆ। ਦੱਸਿਆ ਜਾ ਰਿਹਾ ਹੈ ਕਿ ਇਹ ਲੋਕ ਆਪਣੇ-ਆਪਣੇ ਦਫ਼ਤਰਾਂ ਤੱਕ ਪਹੁੰਚਣ ਲਈ ਹਰ ਰੋਜ਼ ਰੇਲਗੱਡੀ ਰਾਹੀਂ ਯਾਤਰਾ ਕਰਦੇ ਹਨ। ਇਹ ਸਾਰੇ ਇਸ ਰੇਲਗੱਡੀ 'ਤੇ ਚੜ੍ਹਦੇ ਹਨ ਅਤੇ ਛਤਰਪਤੀ ਸ਼ਿਵਾਜੀ ਟਰਮੀਨਲ (ਸੀਐਸਟੀ) ਵੱਲ ਜਾਂਦੇ ਹਨ। ਸੋਮਵਾਰ ਨੂੰ ਦਫ਼ਤਰੀ ਸਮੇਂ ਦੌਰਾਨ ਵਧਦੀ ਭੀੜ ਅਤੇ ਫਿਰ ਰੇਲਗੱਡੀ ਵਿੱਚ ਚੜ੍ਹਨ ਦੀ ਕਾਹਲੀ ਕਾਰਨ ਜ਼ਰੂਰ ਧੱਕਾ-ਮੁੱਕੀ ਹੋਈ ਹੋਵੇਗੀ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਦੱਸ ਦੇਈਏ ਕਿ ਰੇਲਵੇ ਸਟੇਸ਼ਨ 'ਤੇ ਇੱਕ ਰੇਲਗੱਡੀ ਤੋਂ ਲਗਭਗ 10 ਯਾਤਰੀ ਡਿੱਗ ਪਏ। ਇਨ੍ਹਾਂ ਵਿੱਚੋਂ 5 ਦੀ ਮੌਤ ਹੋ ਗਈ। ਸ਼ੱਕ ਹੈ ਕਿ ਇਹ ਯਾਤਰੀ ਰੇਲਗੱਡੀ ਦੇ ਗੇਟ 'ਤੇ ਬੈਠੇ ਸਨ, ਜਿੱਥੋਂ ਉਹ ਡਿੱਗ ਪਏ। ਕੇਂਦਰੀ ਰੇਲਵੇ ਮਾਮਲੇ ਦੀ ਜਾਂਚ ਕਰ ਰਿਹਾ ਹੈ।




# ਨਾਰਦਰਨ ਰੇਲਵੇ ਇੰਪਲਾਈਜ਼ ਯੂਨੀਅਨ ਦਾ 5ਵਾਂ ਜ਼ੋਨਲ ਤ੍ਰੈ-ਸਾਲਾਨਾ ਇਜਲਾਸ ਸੰਪੰਨ

## ●ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਦਾ ਪ੍ਰਣ ●ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਦੀ ਅਗਵਾਈ ਹੇਠ ਕਰਮਚਾਰੀਆਂ ਨੇ ਕੀਤੀ ਸ਼ਮੂਲੀਅਤ

**ਕਪੂਰਥਲਾ (ਕੌੜਾ)-** ਨਾਰਦਰਨ ਰੇਲਵੇ ਇੰਪਲਾਈਜ਼ ਯੂਨੀਅਨ ਦਾ ਬਹੁ-ਪ੍ਰਤੀਖਿਅਤ ਪੰਜਵਾਂ ਜ਼ੋਨਲ ਤ੍ਰੈ-ਸਾਲਾਨਾ ਇਜਲਾਸ ਵੱਡੇ ਉਤਸ਼ਾਹ ਅਤੇ ਧੂਮਧਾਮ ਨਾਲ ਸਫਲਤਾਪੂਰਵਕ ਸੰਪੰਨ ਹੋਇਆ। ਇਸ ਮਹੱਤਵਪੂਰਨ ਮੌਕੇ 'ਤੇ, ਦੇਸ਼ ਦੇ ਵੱਖ-ਵੱਖ ਮੰਡਲਾਂ ਜਿਵੇਂ ਕਿ ਫਿਰੋਜ਼ਪੁਰ, ਦਿੱਲੀ, ਮੁਰਾਦਾਬਾਦ, ਲਖਨਊ ਅਤੇ ਅੰਬਾਲਾ ਮੰਡਲ ਦੇ ਨਾਲ-ਨਾਲ ਆਰ ਸੀ ਐੱਫ ਕਪੂਰਥਲਾ ਅਤੇ ਡੀ ਐੱਮ ਡਬਲਯੂ ਪਟਿਆਲਾ ਤੋਂ 300 ਤੋਂ ਵੱਧ ਰੇਲਵੇ ਕਰਮਚਾਰੀਆਂ ਨੇ ਭਾਗ ਲਿਆ। ਇਜਲਾਸ ਵਿੱਚ ਏ ਆਈ ਸੀ ਸੀ ਟੀ ਯੂ ਦੇ ਕੌਮੀ ਜਨਰਲ ਸਕੱਤਰ ਸ਼੍ਰੀ ਰਾਜੀਵ ਡਿਮਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਨੇ ਕਰਮਚਾਰੀਆਂ ਦੇ ਸੰਘਰਸ਼ ਨੂੰ ਆਪਣਾ ਸਮਰਥਨ ਦਿੱਤਾ। ਇਜਲਾਸ ਦੌਰਾਨ, ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਸ਼੍ਰੀ ਸਰਵਜੀਤ ਸਿੰਘ ਜੀ ਨੇ ਹਾਜ਼ਰ ਸਾਰੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ ਦਾ ਭਰੋਸਾ ਦਿੱਤਾ ਅਤੇ ਰੇਲਵੇ ਦੇ ਨਿੱਜੀਕਰਨ ਤੇ ਆਊਟਸੋਰਸਿੰਗ ਨੂੰ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਦਾ ਪ੍ਰਣ ਲਿਆ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਰਮਚਾਰੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਓ ਪੀ ਐੱਸ ਦੀ ਬਹਾਲੀ





ਬਹੁਤ ਜ਼ਰੂਰੀ ਹੈ। ਫਰੰਟ ਅਗੇਂਸਟ ਐੱਨ ਪੀ ਐੱਸ ਇਨ ਰੇਲਵੇ ਦੇ ਵਧੀਕ ਸਕੱਤਰ, ਕਾਮਰੇਡ ਭਰਤ ਰਾਜ ਜੀ ਨੇ ਆਪਣੇ ਕ੍ਰਾਂਤੀਕਾਰੀ ਭਾਸ਼ਣ ਨਾਲ ਕਰਮਚਾਰੀਆਂ ਵਿੱਚ ਜੋਸ਼ ਭਰ ਦਿੱਤਾ। ਉਨ੍ਹਾਂ ਨੇ ਕਰਮਚਾਰੀਆਂ ਨਾਲ ਹੋ ਰਹੇ ਭੇਦਭਾਵ ਨੂੰ ਉਜਾਗਰ ਕੀਤਾ ਅਤੇ 09 ਜੁਲਾਈ ਨੂੰ ਪ੍ਰਸਤਾਵਿਤ ਦੇਸ਼ ਵਿਆਪੀ ਹੜਤਾਲ ਵਿੱਚ ਸਰਕਾਰ ਨਾਲ "ਇੱਟ ਨਾਲ ਇੱਟ ਵਜਾਉਣ" ਦਾ ਸੱਦਾ ਦਿੱਤਾ। ਉਨ੍ਹਾਂ ਦੇ ਓਜਸਵੀ ਭਾਸ਼ਣ ਨੇ ਕਰਮਚਾਰੀਆਂ ਨੂੰ ਆਪਣੇ ਅਧਿਕਾਰਾਂ ਲਈ ਲੜਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ 'ਤੇ ਕਾਮਰੇਡ ਅਮਰੀਕ ਸਿੰਘ ਜੀ ਅਤੇ ਜ਼ੋਨਲ ਖਜ਼ਾਨਚੀ ਨੇ ਐੱਨ ਆਰ ਈ ਯੂ ਯੂਨੀਅਨ ਦੀ ਸਾਲਾਨਾ ਰਿਪੋਰਟ ਅਤੇ ਫੰਡ ਦੀ ਵਿਸਤ੍ਰਿਤ ਜਾਣਕਾਰੀ ਪੇਸ਼ ਕੀਤੀ, ਜਿਸ ਨਾਲ ਸੰਗਠਨ ਦੀ ਪਾਰਦਰਸ਼ਤਾ ਅਤੇ ਵਿੱਤੀ ਸਥਿਤੀ ਸਪੱਸ਼ਟ ਹੋਈ। ਇਜਲਾਸ ਵਿੱਚ ਸਰਬਸੰਮਤੀ ਨਾਲ ਨਵੀਂ ਜ਼ੋਨਲ ਕਾਰਜਕਾਰਨੀ ਦਾ ਗਠਨ ਕੀਤਾ ਗਿਆ। ਜਿਸ ਵਿੱਚ ਕਾਮਰੇਡ ਮਨੀਸ਼ ਹਰਿਨੰਦਨ ਜੀ ਨੂੰ ਜ਼ੋਨਲ ਸਕੱਤਰ, ਕਾਮਰੇਡ ਨਰਿੰਦਰ ਪਾਲ ਜੀ ਨੂੰ ਜ਼ੋਨਲ ਪ੍ਰਧਾਨ ਅਤੇ ਹਰਿੰਦਰ ਕੁਮਾਰ ਜੀ ਨੂੰ ਜ਼ੋਨਲ ਖਜ਼ਾਨਚੀ ਵਜੋਂ ਚੁਣਿਆ ਗਿਆ। ਇਨ੍ਹਾਂ ਦੇ ਨਾਲ-ਨਾਲ ਜ਼ੋਨਲ ਕਾਰਜਕਾਰਨੀ ਮੈਂਬਰਾਂ ਦੀ ਵੀ ਸਰਬਸੰਮਤੀ ਨਾਲ ਘੋਸ਼ਣਾ ਕੀਤੀ ਗਈ। ਇਹ ਨਵੀਂ ਕਾਰਜਕਾਰਨੀ ਐੱਨ ਆਰ ਈ ਯੂ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਅਤੇ ਕਰਮਚਾਰੀਆਂ ਦੇ ਅਧਿਕਾਰਾਂ ਲਈ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਦਾ ਕੰਮ ਕਰੇਗੀ।

ਐੱਨ ਆਰ ਈ ਯੂ ਯੂਨੀਅਨ ਕਰਮਚਾਰੀਆਂ ਦੇ ਅਧਿਕਾਰਾਂ ਲਈ ਹਮੇਸ਼ਾ ਸੰਘਰਸ਼ਸ਼ੀਲ ਰਹੀ ਹੈ। ਇਸ ਇਜਲਾਸ ਵਿੱਚ ਵੀ ਪ੍ਰਮੁੱਖਤਾ ਨਾਲ ਕਈ ਮਹੱਤਵਪੂਰਨ ਮੁੱਦਿਆਂ 'ਤੇ ਆਵਾਜ਼ ਉਠਾਈ ਗਈ, ਜਿਨ੍ਹਾਂ ਵਿੱਚ ਨੈਸ਼ਨਲ ਪੈਨਸ਼ਨ ਸਿਸਟਮ ਅਤੇ ਯੂਨੀਫਾਰਮ ਪੈਨਸ਼ਨ ਸਿਸਟਮ ਨਾਲ ਜੁੜੇ ਮੁੱਦੇ, ਰੇਲਵੇ ਦੇ ਨਿੱਜੀਕਰਨ ਦੇ ਖਿਲਾਫ ਆਵਾਜ਼ ਬੁਲੰਦ ਕਰਨਾ ਅਤੇ ਹਾਲ ਹੀ ਵਿੱਚ ਲਾਗੂ ਕੀਤੇ ਗਏ ਚਾਰ ਲੇਬਰ ਕੋਡਜ਼ ਦਾ ਵਿਰੋਧ ਸ਼ਾਮਲ ਰਿਹਾ। ਐੱਨ ਆਰ ਈ ਯੂ ਦਾ ਮੰਨਣਾ ਹੈ ਕਿ ਇਹ ਨੀਤੀਆਂ ਕਰਮਚਾਰੀਆਂ ਦੇ ਭਵਿੱਖ ਅਤੇ ਉਨ੍ਹਾਂ ਦੀ ਸਮਾਜਿਕ ਸੁਰੱਖਿਆ 'ਤੇ ਸਿੱਧਾ ਨਕਾਰਾਤਮਕ ਪ੍ਰਭਾਵ ਪਾ ਰਹੀਆਂ ਹਨ। ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਆਈ ਆਰ ਈਐੱਫ ਦੇ ਨਾਲ ਮਿਲ ਕੇ, ਐੱਨ ਆਰ ਈ ਯੂ ਨੇ ਲਗਾਤਾਰ ਕਰਮਚਾਰੀਆਂ ਦੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ ਅਣਥੱਕ ਯਤਨ ਕੀਤੇ ਹਨ। ਇਜਲਾਸ ਵਿੱਚ ਰੇਲਵੇ ਵਿੱਚ ਖਾਲੀ ਅਸਾਮੀਆਂ 'ਤੇ ਤੁਰੰਤ ਭਰਤੀ ਕਰਨ, ਨਾਈਟ ਡਿਊਟੀ ਭੱਤੇ ਦੀ ਸੀਲਿੰਗ ਖਤਮ ਕਰਕੇ ਸਾਰਿਆਂ ਨੂੰ ਰਾਤਰੀ ਭੱਤਾ ਦੇਣ ਅਤੇ ਬੋਨਸ ਦੀ ਰਾਸ਼ੀ ਵਰਤਮਾਨ ਪੇਅ ਬੈਂਡ ਦੇ ਆਧਾਰ 'ਤੇ ਨਿਰਧਾਰਤ ਕਰਕੇ ਭੁਗਤਾਨ ਕਰਨ ਵਰਗੀਆਂ ਪ੍ਰਮੁੱਖ ਮੰਗਾਂ ਨੂੰ ਵੀ ਪ੍ਰਮੁੱਖਤਾ ਨਾਲ ਉਠਾਇਆ ਗਿਆ। ਇਹ ਇਜਲਾਸ ਵੀ ਉਸੇ ਲੜੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਜਿੱਥੇ ਸੰਗਠਨ ਦੁਆਰਾ ਕਰਮਚਾਰੀਆਂ ਦੀ ਆਵਾਜ਼ ਨੂੰ ਹੋਰ ਬੁਲੰਦ ਕੀਤਾ ਗਿਆ ਅਤੇ ਸਰਕਾਰ ਅਤੇ ਰੇਲਵੇ ਪ੍ਰਸ਼ਾਸਨ ਤੋਂ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਸੱਦਾ ਦਿੱਤਾ ਗਿਆ। ਇਸ ਇਜਲਾਸ ਦਾ ਮੁੱਖ ਉਦੇਸ਼ ਕਰਮਚਾਰੀਆਂ ਦੇ ਵੱਖ-ਵੱਖ ਮੁੱਦਿਆਂ 'ਤੇ ਡੂੰਘਾਈ ਨਾਲ ਚਰਚਾ ਕਰਨਾ, ਭਵਿੱਖ ਦੀ ਰਣਨੀਤੀ ਤਿਆਰ ਕਰਨਾ ਅਤੇ ਰੇਲਵੇ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਇੱਕ ਮਜ਼ਬੂਤ ਅਤੇ ਏਕੀਕ੍ਰਿਤ ਅੰਦੋਲਨ ਨੂੰ ਰੂਪ ਦੇਣਾ ਰਿਹਾ। ਨਾਰਦਰਨ ਜ਼ੋਨ ਦੇ ਸਾਰੇ ਮੰਡਲਾਂ ਦੇ ਕਰਮਚਾਰੀ ਇਸ ਇਜਲਾਸ ਨੂੰ ਇੱਕ ਮੌਕੇ ਵਜੋਂ ਦੇਖ ਰਹੇ ਹਨ ਤਾਂ ਜੋ ਉਹ ਆਪਣੀ ਸਮੂਹਿਕ ਸ਼ਕਤੀ ਦਾ ਪ੍ਰਦਰਸ਼ਨ ਕਰ ਸਕਣ ਅਤੇ ਇਹ ਯਕੀਨੀ ਬਣਾ ਸਕਣ ਕਿ ਉਨ੍ਹਾਂ ਦੀ ਆਵਾਜ਼ ਅਣਸੁਣੀ ਨਾ ਰਹੇ।

ਇਸ ਮਹੱਤਵਪੂਰਨ ਇਜਲਾਸ ਵਿੱਚ ਕਾਮਰੇਡ ਸੰਜੀਵ ਕੁਮਾਰ ਸਕਸੇਨਾ ਜੀ, ਹਰਿੰਦਰ ਕੁਮਾਰ ਸ਼ਰਮਾ ਜੀ, ਮਹਾਵੀਰ ਸਿੰਘ ਜੀ, ਮੁਕੇਸ਼ ਸੈਣੀ ਜੀ, ਹਰਿੰਦਰ ਸਿੰਘ, ਚੰਦਨ ਸਿੰਘ, ਦੇਵਕਾਂਤ ਕ੍ਰਿਸ਼ਨਾ, ਵੀਰੇਂਦਰ ਕੁਮਾਰ, ਮਹੇਸ਼ ਚੰਦ ਮੀਨਾ ਜੀ, ਮਹੇਸ਼ ਕਰਤਾਰਪੁਰ, ਮਨੀਸ਼ ਜੀ, ਅਮਰਸਿੰਘ ਜੀ ਜਗਾਧਰੀ, ਮੁਕੇਸ਼ ਮੀਣਾ ਜੀ, ਭੁਪਿੰਦਰ ਜੀ, ਸੁਰੇਂਦਰ ਮਲਿਕ ਜੀ, ਸੁਨੀਲ ਜੀ, ਪੰਕਜ ਚੋਪੜਾ, ਰਤਨ ਜੀ, ਸਮੇਤ 300 ਤੋਂ ਵੱਧ ਕਰਮਚਾਰੀਆਂ ਨੇ ਭਾਗ ਲਿਆ। ਇਸ ਤੋਂ ਇਲਾਵਾ, ਅੱਜ 50 ਤੋਂ ਵੱਧ ਨਵੇਂ ਸਾਥੀਆਂ ਨੇ ਐੱਨ ਆਰ ਈ ਯੂ ਯੂਨੀਅਨ ਦਾ ਪੱਲਾ ਫੜਿਆ, ਜੋ ਸੰਗਠਨ ਦੀ ਵਧਦੀ ਤਾਕਤ ਅਤੇ ਲੋਕਪ੍ਰਿਯਤਾ ਦਾ ਪ੍ਰਮਾਣ ਹੈ। ਇਹ ਇਜਲਾਸ ਰੇਲਵੇ ਕਰਮਚਾਰੀਆਂ ਲਈ ਇੱਕ ਨਵੀਂ ਊਰਜਾ ਅਤੇ ਦਿਸ਼ਾ ਪ੍ਰਦਾਨ ਕਰੇਗਾ, ਜਿਸ ਨਾਲ ਉਨ੍ਹਾਂ ਦੇ ਸੰਘਰਸ਼ ਨੂੰ ਹੋਰ ਬਲ ਮਿਲੇਗਾ।

# ਲਿਖਾਰੀ ਸਭਾ ਮਕਸੂਦੜਾ ਦੀ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਿੱਚ ਨਾਟਕਕਾਰ ਸੋਮ ਪਾਲ ਹੀਰਾ ਨਾਲ ਰੂ-ਬ-ਰੂ ਤੇ ਗੁਰਦਿਆਲ ਦਲਾਲ ਦੀਆਂ ਕਿਤਾਬਾਂ ਰਿਲੀਜ਼

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪ੍ਰਸਾਰ ਦੇ ਲਈ ਅਨੇਕਾਂ ਸੰਸਥਾਨਾਂ ਸ਼ਖਸ਼ੀਅਤਾਂ ਸਹਿਤ ਸਭਾਵਾਂ ਆਪੋ ਆਪਣਾ ਯੋਗਦਾਨ ਪਾ ਰਹੀਆਂ ਹਨ ਨਿਰੋਲ ਪੇਂਡੂ ਲਿਖਾਰੀ ਸਭਾ ਮਕਸੂਦੜਾ ਦੇ ਯਤਨ ਸੁਣਾਉਣ ਯੋਗ ਹਨ। ਪੰਜਾਬੀ ਲਿਖਾਰੀ ਸਭਾ ਮਕਸੂਦੜਾ ਵੱਲੋਂ, ਪ੍ਰਸਿੱਧ ਰੰਗਕਰਮੀ ਡਾਕਟਰ ਸੋਮ ਪਾਲ ਹੀਰਾ ਨਾਲ ਰਚਾਇਆ ਗਿਆ ਰੂ-ਬ-ਰੂ , ਸਫਲ ਅਤੇ ਯਾਦਗਾਰੀ ਹੋ ਨਿੱਬੜਿਆ। ਅਦਾਕਾਰ ਮੰਨੂ ਬੁਆਣੀ ਨੇ ਅਪਣੇ ਅਤੇ ਹਾਜ਼ਰੀਨ ਦੇ, ਬਹੁਤ ਹੀ ਅਰਥ ਭਰਪੂਰ ਸਵਾਲ ਪੁੱਛੇ ਅਤੇ ਸੋਮ ਪਾਲ ਹੀਰਾ ਨੇ ਠਰ੍ਹੰਮੇਂ ਅਤੇ ਸਾਦਗੀ ਨਾਲ ਜਵਾਬ ਦਿੱਤੇ।ਜੀਵਨ ਦੇ ਹਰ ਪੱਖ ਨੂੰ ਉਹਨਾਂ ਸੱਚੋ ਸੱਚ ਬਿਆਨ ਕੀਤਾ। ਪ੍ਰਸਿੱਧ ਲੇਖਕ ਗੁਰਦਿਆਲ ਦਲਾਲ, ਰੰਗਕਰਮੀ ਰਾਜਵਿੰਦਰ ਸਮਰਾਲਾ, ਡਾਕਟਰ ਸੰਦੀਪ ਸ਼ਰਮਾ, ਕਹਾਣੀਕਾਰ ਮੁਖਤਿਆਰ ਸਿੰਘ ਖੰਨਾ, ਡਾਕਟਰ ਰਣਜੀਤ ਸਿੰਘ ਅਤੇ ਲੈਕਚਰਾਰ ਜਸਪ੍ਰੀਤ ਕੌਰ ਜੱਸੀ ਨੇ ਹੀਰਾ ਦੇ ਜੀਵਨ ਅਤੇ ਪ੍ਰਾਪਤੀਆਂ ਵਾਰੇ ਵਿਚਾਰ ਸਾਂਝੇ ਕੀਤੇ। ਸਭਾ ਵੱਲੋਂ ਬਲਿਹਾਰ ਗੋਬਿੰਦਗੜ੍ਹੀਆ, ਜਗਦੇਵ ਮਕਸੂਦੜਾ,ਪ੍ਰੀਤ ਸਿੰਘ ਸੰਦਲ, ਬਿੱਲਾ ਗਿੱਲ, ਅਮਾਨਤ ਅਲੀ ਅਤੇ ਪਾਲ ਕੌਰ ਪੰਚ ਦੀ ਅਗਵਾਈ ਵਿੱਚ ਸੋਮ ਪਾਲ ਹੀਰਾ ਦਾ ਸਨਮਾਨ ਕੀਤਾ ਉਨਾਂ ਦੀ ਕਿਤਾਬ ਭਾਸ਼ਾ ਵਹਿੰਦਾ ਦਰਿਆ ਵੀ ਰਿਲੀਜ਼ ਕੀਤੀ।

ਪੰਜਾਬੀ ਸਾਹਿਤ ਜਗਤ ਵਿੱਚ ਵਿਸ਼ੇਸ਼ ਸਥਾਨ ਰੱਖਦੇ ਲੇਖਕ



ਗੁਰਦਿਆਲ ਦਲਾਲ ਦੀਆਂ ਦੋ ਕਿਤਾਬਾਂ ਦੋ ਪੁਸਤਕਾਂ "ਚੋਣਵੀਆਂ ਕਹਾਣੀਆਂ" ਅਤੇ "ਪਾਪਾ ਮੈਂ ਹਿੰਦੋਸਤਾਨ ਲਊਂਗਾ" ਲੋਕ ਅਰਪਣ ਕੀਤੀਆਂ ਗਈਆਂ। ਦਸਵੀਂ ਜਮਾਤ ਵਿੱਚੋਂ ਬੋਰਡ ਦੀ ਮੈਰਿਟ ਸੂਚੀ ਵਿੱਚ (633/650) ਸਥਾਨ ਪ੍ਰਾਪਤ ਕਰਨ ਵਾਲੀ ਬੱਚੀ, ਦਿਲਪ੍ਰੀਤ ਕੌਰ ਨੂੰ "ਮਾਤਾ ਸੁਰਿੰਦਰ ਕੌਰ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ।

ਕਵੀ ਦਰਬਾਰ ਵਿੱਚ ਰਾਮ ਸਿੰਘ ਭੀਖੀ, ਸੁਖਦੇਵ ਕੁੱਕੂ ਘਲੋਟੀ, ਅਰਸ਼ ਮੁਹੰਮਦ, ਸੋਨੀ ਗਿੱਦੜੀ, ਅਨਿਲ ਫਤਹਿਹਗੜ੍ਹ ਜੱਟਾਂ, ਬਲਵੰਤ ਵਿਰਕ, ਹਰਜੀਤ ਵੈਦ, ਜਸਵੀਰ ਵਿੱਕੀ, ਗੀਤ ਗੁਰਜੀਤ, ਬੁੱਧ ਸਿੰਘ ਨੀਲੋਂ, ਚਮਕੌਰ ਸੱਲ੍ਹਣ, ਹਰਜੀਤ ਕੈੜੇ, ਪੱਪੂ ਬਲਵੀਰ, ਇੰਦਰਜੀਤ ਕੌਰ ਲੋਟੇ, ਪੰਮੀ ਹਬੀਬ, ਮੁਮਤਾਜ ਅਲੀ, ਜਗਦੇਵ ਸਿੰਘ ਘੁੰਗਰਾਲੀ, ਭਜਨ ਸਿੰਘ ਪਾਰਸ, ਮਲਕੀਤ ਮਾਲੜਾ, ਰਾਮ ਕਮਲ ਆਤੇ ਨੂਰ ਖੰਨਵੀਂ ਨੇ ਅਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ।

ਇਸ ਮੌਕੇ ਹਰਬੰਸ ਸਿੰਘ ਢੀਂਡਸਾ, ਭਗਵੰਤ ਸਿੰਘ ਗਿੱਲ, ਮੇਹਰ ਚੰਦ ਵਰਮਾ,ਨਿੱਕੀ ਭੈਣ, ਰਾਜਿੰਦਰ ਕੌਰ, ਸੁਖਵਿੰਦਰ ਕੌਰ ਤੋਂ ਇਲਾਵਾ ਹੋਰ ਬਹੁਤ ਸਾਰੇ ਨਗਰ ਅਤੇ ਇਲਾਕਾ ਨਿਵਾਸੀ ਹਾਜਰ ਸਨ। ਮੰਚ ਸੰਚਾਲਕ ਪ੍ਰੀਤ ਸਿੰਘ ਸੰਦਲ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਪਤਵੰਤੇ ਸੱਜਣਾਂ ਦੇ ਸਹਿਯੋਗ ਨਾਲ, ਪੰਜਾਬੀ ਲਿਖਾਰੀ ਸਭਾ ਮਕਸੂਦੜਾ ਦੇ ਨਾਲ ਜੁੜੇ ਨਵੇਂ ਅਤੇ ਪੁਰਾਣੇ ਲੇਖਕਾਂ ਦੀ ਇੱਕ ਕਿਤਾਬ ਸਾਂਝੇ ਰੂਪ ਵਿੱਚ ਛਾਪੀ ਜਾ ਰਹੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਭਾਰਤ ਵਿਕਾਸ ਪ੍ਰੀਸ਼ਦ ਦੀ ਮਾਛੀਵਾੜਾ ਸ਼ਾਖਾ ਵੱਲੋਂ ਸ਼ਬੀਲ ਲਗਾਈ



**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**
ਮੌਜੂਦਾ ਸਮੇਂ ਹਰ ਪਾਸੇ ਹੀ ਗਰਮੀ ਨੇ ਤੇਜ਼ ਜ਼ੋਰ ਫੜ ਲਿਆ ਹੈ ਆਉਣ ਜਾਣ ਵਾਲੇ ਰਾਹਗੀਰਾਂ ਦੀ ਸਹੂਲਤ ਦੇ ਲਈ ਪਿੰਡਾਂ ਸ਼ਹਿਰਾਂ ਦੇ ਵਿੱਚ ਸਮਾਜ ਸੇਵੀ ਜਥੇਬੰਦੀਆਂ ਜਾਂ ਸੇਵਾ ਕਰਨ ਵਾਲਿਆਂ ਵੱਲੋਂ ਛਬੀਲਾਂ ਲਗਾਈਆਂ ਜਾ ਰਹੀਆਂ ਹਨ ਇਸੇ ਤਰ੍ਹਾਂ ਹੀ ਮਾਛੀਵਾੜਾ ਸਾਹਿਬ ਵਿੱਚ ਭਾਰਤ ਵਿਕਾਸ ਪਰਿਸ਼ਦ, ਡਾਕਟਰ ਰਜਿੰਦਰ ਪ੍ਰਸਾਦ ਸਾਖਾ ਦੀ ਮਾਛੀਵਾੜਾ ਸਾਹਿਬ ਸਾਖਾ ਪਰਿਵਾਰ ਵੱਲੋਂ ਮਿਲਨ ਪ੍ਰੋਗਰਾਮ ਤਹਿਤ ਹਾਜਰੀਨ ਮੈਂਬਰਾਂ ਨੇ ਸ਼ਬੀਲ ਦੇ ਪ੍ਰਬੰਧਾਂ ਵਿੱਚ ਹਿੱਸਾ ਪਾਇਆ। ਇਸ ਮੌਕੇ ਸ਼ਾਖਾ ਪ੍ਰਧਾਨ ਰਾਜੇਸ਼ ਲੀਹਲ, ਜਸਵੀਰ ਸਿੰਘ ਅਲਬੇਲਾ, ਰਮੇਸ਼ ਸ਼ਰਮਾ ਜਨਰਲ ਸੈਕਟਰੀ, ਮਦਨ ਲਾਲ ਸ਼ਰਮਾ ਕੈਸ਼ੀਅਰ,ਸੂਬੇਦਾਰ ਗੁਰਚਰਨ ਸਿੰਘ, ਫੌਜੀ ਸਵਰਨ ਸਿੰਘ, ਮਾਸਟਰ ਕ੍ਰਿਸ਼ਨ ਲਾਲ, ਜਸ਼ਨ, ਗੁਰਚਰਨ ਸਿੰਘ, ਸੁਰਮਖ ਸਿੰਘ ਤੋਂ ਇਲਾਵਾ ਹਾਕੀ ਦੇ ਖਿਡਾਰੀਆਂ ਨੇ ਵੀ ਆਪਣੀ ਹਾਜ਼ਰੀ ਲਗਵਾਈ।

# ਯਾਦਗਾਰੀ ਹੋ ਨਿੱਬੜਿਆ ਕੈਲੇਫੋਰਨੀਆ ਵਿਖੇ ਹੋਇਆ 09ਵਾਂ 'ਸਾਂਝ ਮਾਵਾਂ ਧੀਆਂ ਦੀ' ਸਭਿਆਚਾਰਕ ਸਮਾਗਮ





**ਹੇਵਰਡ (ਕੈਲੀਫੋਰਨੀਆ), (ਰੋਮੀ ਘੜਾਮਾਂ):** ਰੇਡੀਓ ਚੜ੍ਹਦੀ ਕਲਾ ਦੇ ਮੁੱਖ ਪ੍ਰਬੰਧਕ ਜਸਵਿੰਦਰ ਕੌਰ ਤੇ ਉਨ੍ਹਾਂ ਦੀਆਂ ਸਾਥਣਾਂ ਵੱਲੋਂ ਹਰ ਸਾਲ ਮਾਂ-ਦਿਹਾੜੇ (ਮੌਂਟਹਰ'ਸ ਧਓ) ਨੂੰ ਸਮਰਪਿਤ ਕਰਵਾਇਆ ਜਾਣ ਵਾਲ਼ਾ ਸਭਿਆਚਾਰਕ ਸਮਾਗਮ 'ਸਾਂਝ ਮਾਵਾਂ ਧੀਆਂ ਦੀ' ਇਸ ਵਾਰ ਵੀ ਹਮੇਸ਼ਾ ਦੀ ਤਰ੍ਹਾਂ ਅਮਿੱਟ ਪੈੜਾਂ ਛੱਡ ਗਿਆ। ਜਿਸ ਬਾਰੇ ਸਾਹਿਤਕਾਰਾ ਰਣਵੀਰ ਕੌਰ ਬੱਲ ਯੂ.ਐੱਸ.ਏ. ਨੇ ਦੱਸਿਆ ਕਿ ਪ੍ਰੋਗਰਾਮ ਵਿੱਚ ਬੀਬੀਆਂ ਤੇ ਬੱਚਿਆਂ ਨੇ ਗਿੱਧੇ, ਭੰਗੜੇ ਆਦਿ ਨਾ਼ਲ ਖ਼ੂਬ ਰੰਗ ਬੰਨ੍ਹਿਆ। ਸਮਾਗਮ ਵਿੱਚ ਅਸੈਂਬਲੀ ਮੈਂਬਰ ਕਰਿਸ਼ਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਸ਼ਿਰਕਤ ਕੀਤੀ। ਜਿੰਨ੍ਹਾ ਨੂੰ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ ਖ਼ਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸੇ ਦੌਰਾਨ ਉਚੇਚੇ ਸੱਦੇ 'ਤੇ ਪਹੁੰਚੇ ਬੀਬੀ ਆਸ਼ਾ ਸ਼ਰਮਾ (ਪੰਜਾਬੀ ਜਗਤ ਦੀ ਸੁਪ੍ਰਸਿੱਧ ਮੰਚ-ਸੰਚਾਲਕ) ਨੂੰ ਵੀ ਸ਼ਕਤੀ ਮਾਣਕ (ਸਪੁੱਤਰੀ ਮਰਹੂਮ ਕੁਲਦੀਪ ਮਾਣਕ ਸਾਹਬ) ਅਤੇ ਸਾਥਣਾਂ ਵੱਲੋਂ ਸਨਮਾਨ ਚਿੰਨ੍ਹ ਤੇ ਤੋਹਫਿਆਂ ਨਾ਼ਲ ਨਿਵਾਜਿਆ ਗਿਆ। ਅੰਤ ਜਸਵਿੰਦਰ ਕੌਰ ਨੇ ਸਭਨਾਂ ਦਾ ਧੰਨਵਾਦ ਕੀਤਾ।

# ਵਿਸ਼ਵ ਦਿਮਾਗੀ ਟਿਊਮਰ ਦਿਵਸ 2025

## ਸਮੇਂ ਸਿਰ ਟੈਸਟਿੰਗ ਅਤੇ ਆਧੁਨਿਕ ਤਕਨਾਲੋਜੀ ਜ਼ਿੰਦਗੀ ਦੀ ਉਮੀਦ ਵਧਾ ਰਹੀ ਹੈ



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਵਿਸ਼ਵ ਬ੍ਰੇਨ ਟਿਊਮਰ ਦਿਵਸ ਹਰ ਸਾਲ 8 ਜੂਨ ਨੂੰ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਬ੍ਰੇਨ ਟਿਊਮਰ ਦੇ ਲੱਛਣਾਂ, ਜੋਖਮਾਂ ਅਤੇ ਇਲਾਜ ਬਾਰੇ ਜਾਗਰੂਕ ਕੀਤਾ ਜਾ ਸਕੇ। ਇਸ ਮੌਕੇ 'ਤੇ, ਡਾ: ਆਦਿਤਿਆ ਗੁਪਤਾ, ਡਾਇਰੈਕਟਰ - ਨਿਊਰੋਸਰਜਰੀ ਅਤੇ ਸਾਈਬਰਨਾਈਫ, ਆਰਟੇਮਿਸ ਹਸਪਤਾਲ, ਗੁਰੂਗ੍ਰਾਮ ਨੇ ਕਿਹਾ ਕਿ "ਬ੍ਰੇਨ ਟਿਊਮਰ ਦੀ ਸਮੇਂ ਸਿਰ ਪਛਾਣ ਅਤੇ ਤਕਨੀਕੀ ਤੌਰ 'ਤੇ ਉੱਨਤ ਇਲਾਜ ਅੱਜ ਜਾਨਾਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।"

ਡਾ: ਗੁਪਤਾ ਨੇ ਕਿਹਾ ਕਿ ਦਿਮਾਗੀ ਟਿਊਮਰ ਦੇ ਲੱਛਣ ਜਿਵੇਂ ਕਿ ਵਾਰ-ਵਾਰ ਸਿਰ ਦਰਦ, ਉਲਟੀਆਂ, ਦੌਰੇ, ਨਜ਼ਰ ਵਿੱਚ ਬਦਲਾਅ, ਬੋਲਣ ਜਾਂ ਸਮਝਣ ਵਿੱਚ ਮੁਸ਼ਕਲ, ਸੰਤੁਲਨ ਦੀਆਂ ਸਮੱਸਿਆਵਾਂ ਜਾਂ ਵਿਵਹਾਰ ਵਿੱਚ ਬਦਲਾਅ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। "ਐਮਆਰਆਈ ਵਰਗੇ ਟੈਸਟ ਸਮੇਂ ਸਿਰ ਟਿਊਮਰ ਦੀ ਪਛਾਣ ਕਰ ਸਕਦੇ ਹਨ ਅਤੇ ਸਹੀ ਇਲਾਜ ਵੱਲ ਕਦਮ ਚੁੱਕੇ ਜਾ ਸਕਦੇ ਹਨ," ਉਨ੍ਹਾਂ ਕਿਹਾ ਕਿ ਅੱਜ ਸਾਈਬਰ ਨਾਈਫ ਵਰਗੀਆਂ ਤਕਨੀਕਾਂ ਨੇ ਇਲਾਜ ਨੂੰ ਸੁਰੱਖਿਅਤ, ਦਰਦ ਰਹਿਤ ਅਤੇ ਬਹੁਤ ਹੀ ਸਟੀਕ ਬਣਾ ਦਿੱਤਾ ਹੈ। ਇਹ ਇੱਕ ਗੈਰ-ਚੀਰਾ ਅਤੇ ਗੈਰ-ਇਨਪੇਸ਼ੈਂਟ ਰੇਡੀਓਸਰਜਰੀ ਹੈ, ਜੋ ਕਿ ਉਨ੍ਹਾਂ ਮਰੀਜ਼ਾਂ ਲਈ ਬਹੁਤ ਪ੍ਰਭਾਵਸ਼ਾਲੀ ਹੈ ਜੋ ਰਵਾਇਤੀ ਸਰਜਰੀ ਲਈ ਢੁਕਵੇਂ ਨਹੀਂ ਹਨ। ਡਾ: ਗੁਪਤਾ ਨੇ ਅੱਗੇ ਕਿਹਾ ਕਿ ਆਰਟੇਮਿਸ ਹਸਪਤਾਲ ਵਿੱਚ ਦਿਮਾਗੀ ਟਿਊਮਰ ਦੇ ਇਲਾਜ ਲਈ ਕੰਮ ਕਰਨ ਵਾਲੇ ਨਿਊਰੋਸਰਜਨ, ਰੇਡੀਏਸ਼ਨ ਓਨਕੋਲੋਜਿਸਟਸ, ਨਿਊਰੋਲੋਜਿਸਟਸ ਅਤੇ ਰੀਹੈਬ ਮਾਹਿਰਾਂ ਦੀ ਇੱਕ ਸੰਯੁਕਤ ਟੀਮ ਹੈ, ਜੋ ਮਰੀਜ਼ਾਂ ਨੂੰ ਸੰਪੂਰਨ ਅਤੇ ਵਿਅਕਤੀਗਤ ਇਲਾਜ ਪ੍ਰਦਾਨ ਕਰਦੀ ਹੈ। ਇਸ ਸਾਲ ਦੇ ਵਿਸ਼ਵ ਬ੍ਰੇਨ ਟਿਊਮਰ ਦਿਵਸ 'ਤੇ, ਡਾ:ਗੁਪਤਾ ਨੇ ਸਮਾਜ ਨੂੰ ਅਪੀਲ ਕੀਤੀ ਕਿ "ਲੋਕਾਂ ਨੂੰ ਲੱਛਣਾਂ ਪ੍ਰਤੀ ਜਾਗਰੂਕ ਹੋਣ ਅਤੇ ਸਮੇਂ ਸਿਰ ਇਲਾਜ ਵੱਲ ਕਦਮ ਚੁੱਕਣ ਦੀ ਲੋੜ ਹੈ। ਨਾਲ ਹੀ, ਖੋਜ ਅਤੇ ਨਵੀਆਂ ਤਕਨਾਲੋਜੀਆਂ ਦਾ ਸਮਰਥਨ ਕਰਕੇ, ਅਸੀਂ ਇਸ ਬਿਮਾਰੀ ਵਿਰੁੱਧ ਲੜਾਈ ਨੂੰ ਮਜ਼ਬੂਤ ਕਰ ਸਕਦੇ ਹਾਂ।"

# ਤਰਕਸ਼ੀਲਾਂ ਨੇ ਵਾਤਾਵਰਣ ਸੰਭਾ਼ਲ ਪ੍ਰਤੀ ਜਾਗਰੂਕ ਕੀਤਾ



**ਰੋਪੜ, (ਰੋਮੀ ਘੜਾਮਾਂ):** ਤਰਕਸ਼ੀਲ ਸੁਸਾਇਟੀ, ਪੰਜਾਬ (ਰਜਿ.), ਇਕਾਈ ਰੋਪੜ ਵੱਲੋਂ ਵਾਤਾਵਰਣ ਸੰਭਾ਼ਲ ਬਾਰੇ ਜਾਗਰੂਕ ਕੀਤਾ ਗਿਆ। ਸਭਿਆਚਾਰ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਨੇ ਦੱਸਿਆ ਕਿ ਕੱਲ੍ਹ ਇਕਾਈ ਕਾਰਕੁੰਨਾਂ ਨੇ ਹੈੱਡ ਵਰਕਸ ਰੋਪੜ ਵਿਖੇ ਕਿਤਾਬਾਂ ਦੀ ਸਟਾਲ ਲਗਾਈ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਜਨਮ ਦਿਨਾਂ ਸਮੇਂ ਕੇਕ ਕੱਟਣ ਦੀ ਥਾਂ ਵੱਧ ਤੋਂ ਵੱਧ ਬੂਟੇ ਲਗਾਏ ਜਾਣ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਕਿਹਾ ਕਿ ਜੇਕਰ ਇਸੇ ਤਰ੍ਹਾਂ ਹੀ ਦਰੱਖ਼ਤਾਂ ਦੀ ਵਢਾਈ ਹੁੰਦੀ ਰਹੀ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਹ ਲੈਣਾ ਵੀ ਔਖਾ ਹੋ ਜਾਵੇਗਾ। ਪਵਨ ਕੁਮਾਰ ਰੱਤੋਂ ਅਤੇ ਅਮਰਨਾਥ ਕਿਹਾ ਕਿ ਸਾਨੂੰ ਤਰਕਸ਼ੀਲ ਨਜ਼ਰੀਏ ਅਨੁਸਾਰ ਸੋਚਣ ਦੀ ਲੋੜ ਹੈ। ਵੇਖਣ ਵਿੱਚ ਆਇਆ ਹੈ ਕਿ ਲੋਕ ਸ਼ਰਧਾ ਦੇ ਨਾਮ 'ਤੇ ਵੀ ਬਿਨਾਂ ਸੋਚੇ ਸਮਝੇ ਦਰਿਆਵਾਂ, ਨਹਿਰਾਂ ਵਿੱਚ ਕੂੜਾ-ਕਰਕਟ ਸੁੱਟ ਦਿੰਦੇ ਹਨ ਜੋ ਕਿ ਸਰਾਸਰ ਗਲਤ ਹੈ। ਇਸ ਤਰ੍ਹਾਂ ਪਾਣੀ ਪੀਣ-ਯੋਗ ਨਹੀਂ ਰਹਿੰਦਾ ਅਤੇ ਗੰਦਗੀ ਫੈਲਦੀ ਹੈ। ਉਨ੍ਹਾਂ 'ਜੇਕਰ ਨਾ ਰਿਹਾ ਪਾਣੀ ਤਾਂ ਸਮਝੋ ਖ਼ਤਮ ਕਹਾਣੀ ' ਦਾ ਹੋਕਾ ਦਿੰਦਿਆਂ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਬੂਟੇ ਲਗਾਉਣ ਦੀ ਅਪੀਲ ਦੁਹਰਾਈ। ਜਿਕਰਯੋਗ ਹੈ ਕਿ ਤਰਕਸ਼ੀਲ ਸੁਸਾਇਟੀ ਕਈ ਸਾਲਾਂ ਤੋਂ ਬੂਟੇ ਲਗਾਉਣ ਦਾ ਕਾਰਜ ਨਿਰੰਤਰ ਕਰ ਰਹੀ ਹੈ। ਇਸ ਮੌਕੇ ਅਜੇ ਕੁਮਾਰ, ਸੁਜਾਤਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

for more news visit:
www.samajweekly.com

## ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਬਾਂਦੀਆਂ ਲਈ ਐਨ ਆਰ ਆਈਜ਼ ਉੱਘੇ ਸਮਾਜ ਸੇਵਕ ਮਹਿੰਦਰ ਸਿੰਘ ਧਾਮੀ ਅਤੇ ਜੋਹਨ ਬੰਗਾ ਨੇ ਚਾਰ ਲੱਖ ਰੁਪਿਆ ਭੇਟ ਕੀਤਾ



**ਬੰਗਾ( ਚਰਨਜੀਤ ਸੱਲ੍ਹਾਂ )** ਐਨ.ਆਰ. ਆਈਜ ਅਤੇ ਉੱਘੇ ਸਮਾਜ ਸੇਵਕ ਅਮਰੀਕਾ ਦੇ ਸ. ਮਹਿੰਦਰ ਸਿੰਘ ਧਾਮੀ ਅਤੋ ਸ੍ਰੀ ਜੌਹਨ ਬੰਗਾ ਵਲੋਂ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆਂ ਨੂੰ ਚਾਰ ਲੱਖ ਰੁ. ਦੀ ਰਾਸ਼ੀ ਭੇਟ ਕੀਤੀ ਗਈ ! ਜਿਨ੍ਹਾਂ ਨੇ ਪਹਿਲਾਂ ਵੀ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆ ਨੂੰ ਆਪਣਾ ਦਿਲ ਖੋਲ੍ਹ ਕੇ ਮਾਇਆ ਭੇਟ ਕੀਤੀ ਹੈ ਜੋਂ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੇ ਸੁਪਨਿਆਂ ਨੂੰ ਪੂਰਾ ਕਰਨੇ ਲਈ ਸਭ ਮਰੀਜ਼ਾਂ ਦਾ ਧਿਆਨ ਰੱਖਦੇ ਹਨ ਅਤੇ ਹਰ ਤਰ੍ਹਾਂ ਦੀ ਸੇਵਾ ਕਰਨੇ ਨੂੰ ਤਿਆਰ ਰਹਿੰਦੇ ਹਨ ਇਸ ਮੋਕੇ ਡਾ. ਨਾਮਦੇਵ ਬੰਗੜ ਸੇਵਮੁਕਤ ਐਸ.ਐਮ.ਓ ,ਸ੍ਰੀ ਲਲਿਤ ਮਹਾਜਨ ਮੈਨੇਜਰ,ਡਾ. ਬਲਬੀਰ ਸਿੰਘ ਬੱਲ , ਸ੍ਰੀ ਕਿਰਪ-ਾਲ ਸਿੰਘ ਝੱਲੀ ਸੇਵਾਮੁਕਤ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ,, ਡਾ. ਵਿਸ਼ਾਲਜੀਤ ਸਿੰਘ, ਸ੍ਰੀ ਸੰਤੋਖ ਦਾਸ ਸੇਵਾਮੁਕਤ ਪ੍ਰਿੰਸੀਪਲ, ਡਾ. ਮੁਕੇਸ਼ ਕੁਮਾਰ, ਸ੍ਰੀ ਸੰਤੋਖ ਸਿੰਘ ਅਤੇ ਹੋਰ ਸਟਾਫ ਹਾਜਰ ਸਨ।

# ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2025

### ● ਜਰਖੜ ਅਕੈਡਮੀ ਦੋਹਾਂ ਵਰਗਾਂ ਚ ਬਣੀ ਚੈਂਪੀਅਨ ● ਪਵਨਪ੍ਰੀਤ ਅਤੇ ਗੁਰਮਾਨਵਦੀਪ ਚਾਹਿਲ ਬਣੇ " ਹੀਰੋ ਆਫ ਦਾ ਟੂਰਨਾਮੈਂਟ"

**ਲੁਧਿਆਣਾ (ਕਰਨੈਲ ਸਿੰਘ ਐੱਮ.ਏ./ਹਰਜਿੰਦਰ ਪਾਲ ਛਾਬੜਾ)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਗਏ 15ਵੇਂ ਡਾਬਰ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ 9ਵੇਂ ਦਿਨ ਖੇਡੇ ਗਏ ਫਾਈਨਲ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ ਨੇ ਸੀਨੀਅਰ ਅਤੇ ਜੂਨੀਅਰ ਵਰਗਾਂ ਦੇ ਜੇਤੂ ਖਤਾਬ ਆਪਣੇ ਨਾਮ ਕੀਤੇ। ਜਦਕਿ ਜਰਖੜ ਹਾਕੀ ਅਕੈਡਮੀ ਦਾ ਸਟਾਰ ਖਿਡਾਰੀ ਪਵਨਪ੍ਰੀਤ ਸਿੰਘ ਡੰਗੋਰਾ ਅਤੇ ਮਾਨਵਦੀਪ " ਡਾਬਰ ਹੀਰੋ ਆਫ ਦਾ ਮੈਚ " ਬਣਨ ਦਾ ਮਾਣ ਹਾਸਲ ਕੀਤਾ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿੱਚ ਨੀਲੇ ਰੰਗ ਦੀ ਐਸਟ੍ਰੋਟਰਫ ਉੱਪਰ ਫ਼ਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਫਾਈਨਲ ਮੁਕਾਬਲਿਆਂ ਵਿੱਚ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਨੀਟਾ ਕਲੱਬ ਰਾਮ-ਪੁਰ ਨੂੰ ਦਿਲ ਦੀਆਂ ਧੜਕਣਾਂ ਰੋਕ ਕੇ ਦੇਖਣ ਵਾਲੇ ਸੰਘਰਸ਼ਪੂਰਨ ਮੈਚ ਵਿੱਚ 5-3 ਗੋਲਾਂ ਨਾਲ ਹਰਾ ਕੇ ਉਲੰਪੀਅਨ ਪ੍ਰਿਥੀਪਾਲ ਸਿੰਘ ਗੋਲਡ ਕੱਪ ਹਾਕੀ ਟਰਾਫੀ ਅਤੇ ਲਗਭਗ 81 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਵਾਲਾ ਇਨਾਮ ਜਿੱਤਿਆ। ਇਸ ਤੋਂ ਪਹਿਲਾਂ ਪਿਛਲੇ ਸਾਲ ਦੀ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਮੋਗਾ ਕਲੱਬ ਨੇ ਕਿਲ੍ਹਾ ਰਾਏਪੁਰ ਨੂੰ 6-3 ਨਾਲ ਹਰਾ ਕੇ ਤੀਸਰਾ ਸਥਾਨ ਹਾਸਲ ਕੀਤਾ। ਜਰਖੜ ਅਕੈਡਮੀ ਦਾ ਗੁਰਿੰਦਰ ਸਿੰਘ ਗੁਰੀ " ਡਾਬਰ ਹੀਰੋ ਆਫ ਦਾ ਮੈਚ" ਬਣਿਆ, ਅਤੇ ਰਾਮਪੁਰ ਦਾ ਜਗਜੀਤ ਸਿੰਘ " ਡਾਬਰ ਹੀਰੋ ਆਫ ਦਾ ਮੈਚ" ਬਣਿਆ । ਅੰਤਰਰਾਸ਼ਟਰੀ ਹਾਕੀ



ਸਟਾਰ ਖਿਡਾਰੀ ਹਰਜੋਤ ਸਿੰਘ ਜੋਤੀ ਟੂਰਨਾਮੈਂਟ ਦਾ "ਸਰਵੋਤਮ ਗੋਲਕੀਪਰ " ਬਣਿਆ ਜਦਕਿ ਰਾਮਪੁਰ ਦਾ ਮਿਲਖਾ ਸਿੰਘ ਟੂਰਨਾਮੈਂਟ ਦਾ "ਸਰਵੋਤਮ ਖਿਡਾਰੀ" ਅਤੇ ਪਵਨਪ੍ਰੀਤ ਸਿੰਘ ਡੰਗੋਰਾ "ਡਾਬਰ ਹੀਰੋ ਆਫ ਦਾ ਮੈਚ" ਬਣਿਆ। ਕਿਲ੍ਹਾ ਰਾਇਪੁਰ ਦਾ ਜਗਜੀਤ ਸਿੰਘ ਜੱਗੀ 40 ਤੋਂ ਉੱਪਰ ਦਾ ਸਰਵੋਤਮ ਖਿਡਾਰੀ ਬਣਿਆ। ਸਾਰੇ ਖਿਡਾਰੀਆਂ ਨੂੰ ਵਧੀਆ ਕੁਆਲਟੀ ਦੇ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।

ਜੂਨੀਅਰ ਵਰਗ ਦੇ ਫਾਈਨਲ ਚ ਜਰਖੜ ਹਾਕੀ ਅਕੈਡਮੀ ਨੇ ਕਿਲ੍ਹਾ ਰਾਏਪੁਰ ਹਾਕੀ ਸੈਂਟਰ ਨੂੰ ਬਹੁਤ ਹੀ ਰੋਮਾਂਚਕ ਅਤੇ ਕਰੜੇ ਸੰਘਰਸ਼ ਬਾਅਦ 1-0 ਗੋਲਾਂ ਨਾਲ ਹਰਾ ਕੇ ਪਹਿਲੀ ਵਾਰ ਜੂਨੀਅਰ ਖਿਤਾਬ ਜਿੱਤਣ ਦਾ ਮਾਣ ਹਾਸਲ ਕੀਤਾ। ਇਸ ਤੋਂ ਪਹਿਲਾਂ ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ 4-3 ਹਰਾਇਆ। ਜਰਖੜ ਹਾਕੀ ਅਕੈਡਮੀ ਦਾ ਗੋਲਕੀਪਰ ਦਿਲਪ੍ਰੀਤ ਸਿੰਘ "ਡਾਬਰ ਹੀਰੋ ਆਫ ਦਾ ਮੈਚ" ਬਣਿਆ। ਕਿਲ੍ਹਾ ਰਾਏਪੁਰ ਸਕੂਲ ਦਾ ਰਾਜਵੀਰ ਸਿੰਘ ਟੂਰਨਾਮੈਂਟ ਦਾ "ਸਰਵੋਤਮ ਖਿਡਾਰੀ" ਬਣਿਆ। ਗੁਰਮਾਨਵਦੀਪ ਸਿੰਘ ਚਾਹਲ "ਹੀਰੋ ਆਫ ਦਾ ਟੂਰਨਾਮੈਂਟ" ਬਣਿਆ । ਸਾਰੇ ਖਿਡਾਰੀਆਂ ਨੂੰ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ। ਅੱਜ ਟੂਰਨਾਮੈਂਟ ਦੇ ਫਾਈਨਲ ਸਮਾਰੋਹ ਦੇ ਉੱਤੇ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਵੱਖ-ਵੱਖ ਗੀਤਾਂ ਤੇ ਆਪਣੀ ਕੋਰੀਓਗਰਾਫੀ ਰਾਹੀਂ ਡਾਂਸ ਕਰਕੇ ਦਰਸ਼ਕਾਂ ਦਾ ਮਨ ਮੋਹਿਆ। ਅੱਜ ਡਾਬਰ ਕੰਪਨੀ ਨੇ ਸਮੂਹ ਖਿਡਾਰੀਆ ਅਤੇ ਦਰਸ਼ਕਾਂ ਲਈ ਵੱਡੇ ਪੱਧਰ ਤੇ ਰਫਰੈਸ਼ਮੈਂਟ ਵੰਡੀ ਗਈ। ਅੱਜ ਫਾਈਨਲ ਮੈਚ ਤੇ ਮੁਹੰਮਦ ਜਮੀਲ ਉਰ ਰਹਿਮਾਨ ਵਿਧਾਇਕ ਮਲੇਰਕੋਟਲਾ ਨੇ ਮੁੱਖ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਨਾਲ ਜਾਣ ਪਹਿਚਾਣ ਕਰਦਿਆਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਉਂਦਿਆ ਜਰਖੜ ਸਟੇਡੀਅਮ ਦੇ ਢਾਂਚੇ ਅਤੇ ਅਤੇ ਹਾਕੀ ਅਕੈਡਮੀ ਦੇ ਕਾਰਜਾਂ ਦੀ ਸਲਾਘਾ ਕੀਤੀ। ਇਸ ਮੌਕੇ ਅਮਰੀਕਾ ਤੋਂ ਉਚੇਚੇ ਤੌਰ ਤੇ ਜੇਐਸਟੀ ਟਰੱਕਿੰਗ ਕੰਪਨੀ ਦੇ ਮਾਲਕ ਜੰਗਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਹਾਜਰੀ ਭਰਦਿਆ ਜਰਖੜ ਹਾਕੀ ਨੂੰ 1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਪਬਲਿਕ ਰਿਲੇਸ਼ਨ ਦੇ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ, ਹਰਦੀਪ ਸਿੰਘ ਸੈਣੀ ਅੰਤਰਰਾਸ਼ਟਰੀ ਵੇਟ ਲਿਫਟਰ, ਹਰਬੰਸ ਸਿੰਘ ਸੈਣੀ, ਅਮਰੀਕ ਸਿੰਘ ਮਿਨਹਾਸ ਸਾਬਕਾ ਏਆਈਜੀ ਪੰਜਾਬ ਪੁਲਿਸ, ਸੁਖਵਿੰਦਰ ਸਿੰਘ ਫੌਜੀ, ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਸਰਪੰਚ ਸੰਦੀਪ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਬਾਬਾ ਰੁਲਦਾ ਸਿੰਘ ਸਾਇਆ ਕਲਾਂ, ਦਲਬੀਰ ਸਿੰਘ ਜਰਖੜ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਵਿੰਦਰ ਸਿੰਘ ਗਰੇਵਾਲ ਕਿਲ੍ਹਾ ਰਾਏਪੁਰ, ਪਰਮਜੀਤ ਸਿੰਘ ਪੰਮੀ ਨਾਰੰਗਵਾਲ, ਤਜਿੰਦਰ ਸਿੰਘ ਜਰਖੜ, ਸਰਪੰਚ ਬਾਬੂ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਅੰਤ ਵਿੱਚ ਜਗਰੂਪ ਸਿੰਘ ਜਰਖੜ ਨੇ ਅਗਲੇ ਵਰ੍ਹੇ ਫਿਰ ਮਿਲਣ ਦੇ ਵਾਅਦੇ ਦੀ ਫਤਿਹ ਨਾਲ ਟੂਰਨਾਮੈਂਟ ਦੀ ਸਮਾਪਤੀ ਦਾ ਐਲਾਨ ਕੀਤਾ ।

# ਪੰਜਾਬ ਕਬੱਡੀ ਐਸੋਸੀਏਸ਼ਨ ਵੱਲੋਂ ਬੱਚਿਆਂ ਨੂੰ ਸਰਟੀਫ਼ਿਕੇਟ ਭੇਂਟ

### ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਜ਼ਰੂਰ ਹਿੱਸਾ ਲੈਣ ਬੱਚੇ-ਗੁਰਮੇਲ ਸਿੰਘ ਪਹਿਲਵਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**-ਪੰਜਾਬ ਕਬੱਡੀ ਐਸੋਸੀਏਸ਼ਨ ਵੱਲੋਂ 2023-24 ’ਚ ਅੰਡਰ-19 ਲੜਕੇ ਤੇ ਲੜਕੀਆਂ ਦੇ ਹੋਏ ਕਬੱਡੀ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਸਰਟੀਫ਼ਿਕੇਟ ਭੇਂਟ ਕੀਤੇ ਗਏ। ਇਸ ਮੌਕੇ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ: ਗੁਰਮੇਲ ਸਿੰਘ ਪਹਿਲਵਾਨ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ- ਨਾਲ ਖੇਡਾਂ ਵਿੱਚ ਜ਼ਰੂਰ ਹਿੱਸਾ ਲੈਣਾ ਚਾਹੀਦਾ ਹੈ। ਖੇਡਾਂ ਵਿੱਚ ਹਿੱਸਾ ਲੈਣ ਨਾਲ ਜਿੱਥੇ ਬੱਚੇ ਮਾਨਸਿਕ ਤੌਰ ’ਤੇ ਤੰਦਰੁਸਤ ਰਹਿੰਦੇ ਹਨ, ਉਥੇ ਸਰੀਰਿਕ ਤੌਰ ’ਤੇ ਵੀ ਫੁਰਤੀਲੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੱਲੋਂ ਸਮੇਂ-ਸਮੇਂ ਤੇ ਬੱਚਿਆਂ ਦੇ ਕਬੱਡੀ ਮੁਕਾਬਲੇ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿੱਚ ਬੱਚਿਆਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ ਜਾਂਦਾ ਹੈ। ਇਸ ਮੌਕੇ ਕੈਪਟਨ



ਮਨਜੋਤ ਕੌਰ, ਕੋਚ ਰਣਜੀਤ ਕੁਮਾਰ ਲੱਧੜ, ਸਿਮਰਨਪ੍ਰੀਤ ਕੌਰ, ਮੁਸਕਾਨ, ਪ੍ਰਿਯੰਕਾ, ਨੰਦਨੀ, ਸਿਮਰਨ, ਸਾਕਸ਼ੀ, ਮਨਜੀਤ, ਗਗਨ, ਮੋਨਿਕਾ, ਰਜ਼ੀਆ, ਜਸ਼ਨ, ਮੁਸਤਫ਼ਾ, ਮਿਯੰਕ, ਸਿਮਰਨਜੋਤ ਸਿੰਘ, ਲਵਪ੍ਰੀਤ ਸਿੰਘ, ਰਵਿੰਦਰ ਸਿੰਘ ਤੇ ਯੁਵਰਾਜ ਸਿੰਘ ਸਮੇਤ ਸਮੂਹ ਬੱਚਿਆਂ ਨੂੰ ਸਰਟੀਫਿਕੇਟ ਦੇ ਨਾਲ-ਨਾਲ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਨਾਂ ਸੰਬੋਧਨ ਕਰਦਿਆਂ ਬੱਚਿਆਂ ਨੂੰ ਕਿਹਾ ਕਿ ਪਹਿਲਾਂ ਨਾਲੋਂ ਵਧੇਰੇ ਮਿਹਨਤ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਤਾਂ ਜੋ ਉਹ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰ ਸਕਣ। ਇਸ ਮੌਕੇ ਪੰਜਾਬ ਕਬੱਡੀ ਐਸੋਸੀਏਸ਼ਨ ਲੁਧਿਆਣਾ ਦੇ ਪ੍ਰਧਾਨ ਸ੍ਰ: ਸੁਰਿੰਦਰ ਸਿੰਘ ਮਾਸਕੋ, ਸ੍ਰ: ਜੈਮਲ ਸਿੰਘ ਚੌਹਾਨ, ਭੁਪਿੰਦਰ ਸਿੰਘ ਚੌਹਾਨ, ਸ਼੍ਰੀ ਸੰਜੇ ਸ਼ਰਮਾ, ਜੰਗ ਸਿੰਘ ਪਹਿਲਵਾਨ ਨੇ ਵੀ ਬੱਚਿਆਂ ਨੂੰ ਹੋਰ ਵਧੇਰੇ ਮਿਹਨਤ ਨਾਲ ਖੇਡਾਂ ਵਿੱਚ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ ਅਤੇ ਬੱਚਿਆਂ ਦੀ ਹੌਂਸਲਾ ਅਫਜਾਈ ਕੀਤੀ।

# ਦਸੂਹਾ ਪੁਲਿਸ ਵੱਲੋਂ ਐਨ.ਡੀ.ਪੀ.ਐਸ ਐਕਟ ਤਹਿਤ ਇੱਕ ਕਥਿਤ ਦੋਸ਼ੀ ਗ੍ਰਿਫਤਾਰ

**ਹੁਸ਼ਿਆਰਪੁਰ / ਦਸੂਹਾ ( ਤਰਸੇਮ ਦੀਵਾਨਾ )** ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਤਹਿਤ ਏ.ਐਸ.ਆਈ ਸਰਬਜੀਤ ਸਿੰਘ ਨੇ



ਮੁਲਜਮ ਹਿੰਮਤ ਸਿੰਘ ਉਰਫ ਬੰਟੀ ਕਸ਼ਵ ਪੁੱਤਰ ਜੋਗਿੰਦਰ ਸਿੰਘ ਵਾਸੀ ਕਸਬਾ ਮੁਹੱਲਾ ਦਸੂਹਾ ਜਿਲਾ ਹੁਸ਼ਿਆਰਪੁਰ ਨੂੰ ਇੱਕ ਨੀਡਲ ਸਰਿੰਜ਼ ਨਾਲ ਨਸ਼ਾ ਕਰਦੇ ਕਾਬੂ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ । ਉਹਨਾਂ ਦੱਸਿਆ ਕਿ ਉਕਤ ਵਿਅਕਤੀ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਸ ਪਾਸੋ ਡੂਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਉਕਤ ਵਿਅਕਤੀ ਨੂੰ ਨਸ਼ਾ ਛੁਡਾਓ ਕੇਂਦਰ ਸਿਵਲ ਹਸਪਤਾਲ ਦਸੂਹਾ ਵਿਖੇ ਦਾਖਲ ਕਰਵਾਇਆ ਜਾਵੇਗਾ।

**ਫੋਟੋ ਅਜਮੇਰ ਦੀਵਾਨਾ**

# ਪਰਉਪਕਾਰ ਘੁੰਮਣ ਦੀ ਚੋਣ ਮੁਹਿੰਮ ਨੇ ਸਿਆਸੀ ਹਵਾਵਾਂ ਨੂੰ ਦਿੱਤਾ ਨਵਾਂ ਰੁੱਖ

## ਬੋਲੀ 'ਚ ਨਿਖਾਰ , ਅੰਦਾਜ਼ 'ਚ ਵਿਸ਼ਵਾਸ ਅਤੇ ਨੀਤੀਆਂ ਵਿੱਚ ਝਲਕਦੀ ਸਚਾਈ ਹੈ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਲਕਾ ਪੱਛਮੀ ਵਿਧਾਨ ਸਭਾ ਉੱਪ-ਚੋਣ ਦੀ ਚਰਚਾ ਜਿੱਥੇ ਹਰ ਪਾਸੇ ਚੱਲ ਰਹੀ ਹੈ, ਉੱਥੇ ਹੀ ਇੱਕ ਗੱਲ ਸਾਫ਼ ਸੁਣਾਈ ਦੇ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਲਈ ਲੋਕਾਂ ਵਿੱਚ ਉਤਸ਼ਾਹ ਹੈ। ਹਰ ਗਲੀ, ਨੁੱਕੜ ਤੇ ਚੌਰਾਹੇ 'ਤੇ ਅਕਾਲੀ ਦਲ ਦੇ ਹੱਕ 'ਚ ਹੋ ਰਹੀ ਚਰਚਾ ਨੇ ਸਿਆਸੀ ਹਵਾਵਾਂ ਨੂੰ ਨਵਾਂ ਰੁੱਖ ਦੇ ਦਿੱਤਾ ਹੈ। ਐਡਵੋਕੇਟ ਘੁੰਮਣ ਦੀ ਚੋਣ ਮੁਹਿੰਮ ਵਿੱਚ ਨੌਜਵਾਨ, ਸੀਨੀਅਰ ਸਿਟੀਜ਼ਨ ਅਤੇ ਔਰਤਾਂ ਦੇ ਆਉਣ ਨਾਲ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਵੱਲ ਨੂੰ ਤੱਤੀਆਂ ਹਵਾਵਾਂ ਨੇ ਰੁੱਖ ਕਰ ਲਿਆ ਹੈ। ਅੱਜ ਇੱਕ ਵਾਰ ਫੇਰ ਅਕਾਲੀ ਦਲ ਦੀਆਂ ਨੀਤੀਆਂ, ਖੇਤਰੀ ਪਛਾਣ ਤੇ ਪੰਜਾਬੀਅਤ ਦੀ ਰਾਖੀ ਵਾਲੀ ਗੱਲ ਲੋਕਾਂ ਦੇ ਦਿਲਾਂ ਤੇ ਘਰ ਕਰ ਰਹੀ ਹੈ। ਘੁੰਮਣ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਲੋਕਾਂ ਨਾਲ ਰੋਜ਼ਾਨਾਂ ਕੀਤੀਆਂ ਜਾ ਰਹੀਆਂ ਮੁਲਾਕਾਤਾਂ ਨੇ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਵਰਕਰਾਂ ਨਾਲ ਜ਼ੋਰਦਾਰ ਸੰਪਰਕ ਬਣਾਇਆ ਹੋਇਆ ਹੈ। ਉਹ ਹਰ ਜਗ੍ਹਾ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣ ਰਹੇ ਹਨ। ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਜੇਕਰ ਲੋਕਾਂ ਨੇ ਮੌਕਾ ਦਿੱਤਾ, ਤਾਂ ਹਲਕੇ 'ਚ ਵਿਕਾਸ, ਸੁਰੱਖਿਆ, ਸਿਹਤ ਅਤੇ ਬੁਨਿਆਦੀ ਸਹੂਲਤਾਂ ਨੂੰ ਪਹਿਲੀ ਤਰਜੀਹ ਦਿੱਤੀ ਜਾਵੇਗੀ। ਹਾਲੀਆ ਰੈਲੀਆਂ ਅਤੇ ਮੀਟਿੰਗਾਂ 'ਚ ਉਨ੍ਹਾਂ ਦੀ







**ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਚੋਣ ਪ੍ਰਚਾਰ ਦੋਰਾਨ ਲੋਕਾਂ ਦਾ ਆਸ਼ੀਰਵਾਦ ਲੈਂਦੇ ਹੋਏ।**

ਹਾਜ਼ਰੀ ਨੂੰ ਦੇਖਦੇ ਹੋਏ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਹਲਕਾ ਪੱਛਮੀ ਦੀ ਜਨਤਾ ਇਸ ਵਾਰ ਅਕਾਲੀ ਦਲ ਨੂੰ ਵਾਪਸ ਮੌਕਾ ਦੇਣ ਲਈ ਮਨ ਬਣਾਈ ਬੈਠੀ ਹੈ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ ਪਰਉਪਕਾਰ ਘੁੰਮਣ ਦੀ ਬੋਲੀ 'ਚ ਨਿਖਾਰ ਹੈ, ਅੰਦਾਜ਼ ਵਿੱਚ ਵਿਸ਼ਵਾਸ ਅਤੇ ਨੀਤੀਆਂ ਵਿੱਚ ਸਚਾਈ ਹੈ। ਅਕਾਲੀ ਦਲ ਦੀ ਇਹ ਚੋਣ ਮੁਹਿੰਮ ਸਿਰਫ਼ ਵੋਟਾਂ ਦੀ ਮੰਗ ਨਹੀਂ, ਸਗੋਂ ਪੰਜਾਬੀਅਤ ਦੀ ਆਵਾਜ਼ ਵੀ ਬਣ ਰਹੀ ਹੈ। ਵੋਟਾਂ ਦੀ ਗਿਣਤੀ ਚਾਹੇ ਜੋ ਵੀ ਹੋਵੇ, ਪਰ ਹਲਕਾ ਪੱਛਮੀ ਵਿੱਚ ਅਕਾਲੀ ਦਲ ਦੀ ਮੌਜੂਦਗੀ ਇਸ ਵਾਰ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦੀ।

# ਮਹਿਰੋਲੀ (ਦਿੱਲੀ) ਦੀ ਪਵਿੱਤਰ ਇਤਿਹਾਸਕ ਧਰਤੀ 'ਤੇ ਗੁਰਦੁਆਰਾ ਸਾਹਿਬ ਵਿਖੇ ਮਹਾਨ ਯੋਧੇ, ਜਰਨੈਲ, ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 309ਵਾਂ ਸ਼ਹੀਦੀ ਦਿਹਾੜਾ ਫਾਊਂਡੇਸ਼ਨ ਨੇ ਮਨਾਇਆ

**● ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਸਾਨੂੰ ਹੱਕ ਸੱਚ ਲਈ ਲੜਨ ਦੀ ਪ੍ਰੇਰਨਾ ਦਿੰਦੀ ਹੈ- ਦਾਦੂਵਾਲ ● ਦਿੱਲੀ ਸਰਕਾਰ ਮਹਿਰੋਲੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ, ਸਾਥੀ 740 ਸਿੰਘਾਂ ਅਤੇ 4 ਸਾਲਾਂ ਪੁੱਤਰ ਅਜੈ ਸਿੰਘ ਦੀ ਯਾਦ ਵਿੱਚ ਸ਼ਹੀਦੀ ਸਮਾਰਕ ਸਥਾਪਿਤ ਕਰੇ- ਬਾਵਾ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਅੱਜ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਡਾ: ਜਗਤਾਰ ਸਿੰਘ ਧੀਮਾਨ, ਕਰਨਲ ਸੁਨੀਲ ਸ਼ਰਮਾ, ਬੀਬੀ ਦੀਪ ਲੁਧਿਆਣਵੀ ਵਾਈਸ ਪ੍ਰਧਾਨ ਮਹਿਲਾ ਵਿੰਗ ਕਾਂਗਰਸ, ਜਗਜੀਵਨ ਸਿੰਘ ਗਰੀਬ ਦੀ ਸਰਪ੍ਰਸਤੀ ਹੇਠ ਮਹਾਨ ਯੋਧੇ, ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 309ਵਾਂ ਸ਼ਹੀਦੀ ਦਿਹਾੜਾ (ਮਹਿਰੋਲੀ) ਦਿੱਲੀ ਵਿਖੇ ਮਨਾਇਆ ਗਿਆ। ਇਸ ਸਮੇਂ ਮੁੱਖ ਤੌਰ 'ਤੇ ਪ੍ਰਸਿੱਧ ਕਥਾਵਾਚਕ, ਸਿੱਖ ਵਿਦਵਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਾਬਕਾ ਪ੍ਰਧਾਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਜ਼ਰ ਹੋਏ। ਇਸ ਸਮੇਂ ਜਥੇਦਾਰ ਦਾਦੂਵਾਲ ਨੇ ਕਿਹਾ ਕਿ ਅੱਜ ਅਸੀਂ ਦੁਨੀਆਂ ਦੀ ਇਤਿਹ-ਾਸਕ ਧਰਤੀ ਮਹਿਰੋਲੀ 'ਤੇ ਖੜੇ ਹਾਂ ਜਿੱਥੇ ਮਹਾਨ ਯੋਧੇ ਜਰਨੈਲ, ਭਗਤੀ ਅਤੇ ਸ਼ਕਤੀ ਦਾ ਸੁਮੇਲ, ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਮੁਗਲਾਂ ਦੇ ਅੱਤਿਆਚਾਰ ਦਾ ਸਾਹ-ਮਣਾ ਕਰਦੇ ਹੋਏ 740 ਸਿੰਘਾਂ (ਸਾਥੀਆਂ) ਸਮੇਤ ਅਤੇ ਬਾਬਾ ਦੇ ਚਾਰ ਸਾਲਾਂ ਸਪੁੱਤਰ ਦਾ ਕਲੇਜਾ ਕੱਢ ਕੇ ਬਾਬਾ ਜੀ ਦੇ ਮੂੰਹ ਵਿੱਚ ਤੁੰਨਿਆ ਗਿਆ। ਇਹ ਵਡਮੁੱਲੀ ਸ਼ਹਾਦਤ ਸਾਨੂੰ ਹੱਕ, ਸੱਚ ਅਤੇ ਧਰਮ ਦੀ ਖਾਤਰ ਲੜਨ ਦੀ ਪ੍ਰੇਰਨਾ ਦਿੰਦੀ ਹੈ। ਉਹਨਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਦਿਹਾੜੇ ਮਨਾ ਕੇ ਕ੍ਰਿਸ਼ਨ ਕੁਮਾਰ ਬਾਵਾ ਅੰਤਰਰਾਸ਼ਟਰੀ ਫਾਊਂਡੇਸ਼ਨ ਰਾਹੀਂ ਦੇਸ਼ ਵਿਦੇਸ਼ ਵਿੱਚ ਸੇਵਾ ਨਿਭਾ ਰਹੇ ਹਨ। ਇਹ



ਸਿੱਖ ਇਤਿਹਾਸ ਦੀ ਵੱਡੀ ਸੇਵਾ ਹੈ। ਇਸ ਸਮੇਂ ਸ੍ਰੀ ਬਾਵਾ, ਡਾ: ਧੀਮਾਨ ਅਤੇ ਬੀਬੀ ਦੀਪ ਨੇ ਕਿਹਾ ਕਿ ਦਿੱਲੀ ਦੀ ਇਸ ਇਤਿਹਾਸਕ ਧਰਤੀ 'ਤੇ 9 ਜੂਨ 1716 ਨੂੰ ਮੁਗਲਾਂ ਨੇ ਅੱਤਿਆਚਾਰ ਕਰਦੇ ਹੋਏ ਸੱਚ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਉਹਨਾਂ ਕਿਹਾ ਕਿ 740 ਸਿੰਘਾਂ (ਸਾਥੀਆਂ) ਨੂੰ ਰੋਜਾਨਾ 100-100 ਕਰਕੇ ਕਤਲ ਕਰਨਾ, ਇਥੋਂ ਤੱਕ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਚਾਰ ਸਾਲਾਂ ਸਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਬਾਬਾ ਦੀ ਜੇ ਮੂੰਹ ਵਿੱਚ ਤੁੰਨਣਾ ਦੁਨੀਆਂ ਵਿੱਚ ਕਿਧਰੇ ਮਿਸਾਲ ਨਹੀਂ। ਉਹਨਾਂ ਇਸ ਸਮੇਂ ਦਿੱਲੀ ਸਰਕਾਰ ਤੋਂ ਮੰਗ ਕੀਤੀ ਕਿ ਮਹਿਰੋਲੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ 740 ਸਿੰਘ ਅਤੇ ਚਾਰ ਸਾਲਾਂ ਸਪੁੱਤਰ ਅਜੈ ਸਿੰਘ ਦੀ ਵਡਮੁੱਲੀ ਸ਼ਹਾਦਤ ਦਾ ਵਰਣਨ ਕਰਦੇ ਹੋਏ ਉਨ੍ਹਾਂ ਦੇ ਨਾਮ ਉਕਰੇ ਜਾਣ ਅਤੇ 740 ਫੁੱਟ ਉੱਚਾ ਸ਼ਹੀਦੀ ਸਮਾਰਕ ਬਣਾਇਆ ਜਾਵੇ। ਇਸ ਸਮੇਂ ਉਹਨਾਂ ਜਥੇਦਾਰ ਦਾਦੂਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਸਮੇਂ ਉਨ੍ਹਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਪ੍ਰਸ਼ਾਦ ਸਿੰਘ ਫਰੀਦਾਬਾਦ, ਗਗਨਪ੍ਰੀਤ ਸਿੰਘ ਅਤੇ ਜੱਥੇਦਾਰ ਦਾਦੂਵਾਲ ਜੀ ਨੂੰ "ਇਲਾਹੀ ਗਿਆਨ ਦਾ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ" ਪੁਸਤਕ ਭੇਂਟ ਕੀਤੀ ਗਈ ਜਦਕਿ ਪੰਥਕ ਕਵੀ ਦੀਪ ਲੁਧਿਆਣਵੀ ਨੇ ਆਪਣੀ ਲਿਖੀ ਪੁਸਤਕ "ਵਿਰਸੇ ਦੀ ਖੁਸ਼ਬੂ" ਜਥੇਦਾਰ ਦਾਦੂਵਾਲ ਨੂੰ ਭੇਟ ਕੀਤੀ। ਉਨ੍ਹਾਂ ਸਾਰੇ ਪ੍ਰਬੰਧਾਂ ਦੀ ਸਰਪ੍ਰਸਤੀ ਲਈ ਹਰਮੀਤ ਸਿੰਘ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਸਮੇਂ ਜਸਵੰਤ ਸਿੰਘ ਚੀਮਾ, ਗੁਰਜੀਤ ਸਿੰਘ ਖੰਨਾ ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਪ੍ਰੀਤ ਸਿੰਘ ਖੰਨਾ, ਦਮਨਜੀਤ ਸਿੰਘ ਤਨੇਜਾ ਦਾ ਵੀ ਵਿਸ਼ੇਸ਼ ਸਨਮਾਨ ਕੀਤਾ। ਇਸ ਸਮੇਂ ਜੱਥੇ ਵਿੱਚ ਬਿੱਟੂ ਬਾਵਾ, ਢਾਡੀ ਬਲਦੇਵ ਸਿੰਘ ਰਕਬਾ ਦਾ ਜੱਥਾ, ਜਗਜੀਵਨ ਸਿੰਘ ਗਰੀਬ, ਗੁਲਸ਼ਨ ਬਾਵਾ, ਮਨਜੀਤ ਕੌਰ ਧੀਮਾਨ, ਸੀਰਤ ਕੌਰ, ਲਖਵਿੰਦਰ ਕੌਰ, ਨਵੀ ਮਾਣਕ, ਗੁਰਦਿੱਤ ਸਿੰਘ ਜਗਰਾਉ, ਪਰਮੇਸ਼ਵਰ ਸਿੰਘ, ਜਤਿੰਦਰ ਸਿੰਘ ਰਕਬਾ, ਜੋਰਾ ਸਿੰਘ ਮੁੱਲਾਂਪੁਰ, ਹਰਦੀਪ ਸਿੰਘ ਸਵੱਦੀ ਹਾਜ਼ਰ ਸਨ ।

# ਮੰਡਿਆਲਾ,ਹਲਕਾ ਸ਼ਾਹਕੋਟ ਵਿਖੇ ਅਹੁਦੇਦਾਰ,ਵਰਕਰ ਸਾਹਿਬਾਨਾਂ ਅਤੇ ਪਿੰਡ ਵਾਸੀਆਂ ਸਮੂਹ ਸਾਧ ਸੰਗਤ ਨਾਲ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸ਼ੋ੍ਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਵੱਲੋਂ ਹੋ ਰਹੀ ਭਰਤੀ ਸਬੰਧੀ ਮੀਟਿੰਗ

## ਪੰਜਾਬ ਦੀ ਬਿਹਤਰੀ ਲਈ ਅਕਾਲੀ ਦਲ ਦਾ ਮਜਬੂਤ ਹੋਣਾ ਬਹੁਤ ਹੀ ਜਰੂਰੀ:- ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਪੱਤਰਕਾਰ** ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ੋ੍ਮਣੀ ਅਕਾਲੀ ਦਲ ਦੀ ਪੁਨਰ ਸਰਜੀਤੀ ਲਈ ਪੰਜ ਮੈਂਬਰੀ ਕਮੇਟੀ ਦੇ ਸਰਗਰਮ ਅਤੇ ਸੀਨੀਅਰ ਮੈਂਬਰ ਹਲਕਾ ਨਕੋਦਰ ਤੋਂ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦੇ ਹੱਕ ਵਿੱਚ ਹਲਕਾ ਸ਼ਾਹਕੋਟ ਦੇ ਅਧੀਨ ਆਉਂਦੇ ਪਿੰਡ ਮੰਡਿਆਲਾ ਵਿਖੇ ਸੰਗਤਾਂ ਦਾ ਇਕੱਠ ਹੋਇਆ ਸੰਗਤਾਂ ਦੇ ਸਮਰਥਨ ਅਤੇ ਉਤਸ਼ਾਹ ਨੂੰ ਦੇਖਦੇ ਹੋਏ ਜਥੇਦਾਰ ਵਡਾਲਾ ਵੱਲੋਂ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਮਜਬੂਤੀ ਲਈ ਜੋ ਵੀ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਫਸੀਲ ਤੋਂ ਹੁਕਮ ਹੋਇਆ ਹੈ ਉਸ ਹੁਕਮ ਅਨੁਸਾਰ ਹੀ ਭਰਤੀ ਚੱਲ ਰਹੀ ਹੈ, ਉਹਨਾਂ ਕਿਹਾ ਕਿ ਪੰਜਾਬ ਦੀ ਬਿਹਤਰੀ ਲਈ ਅਕਾਲੀ ਦਲ ਦਾ ਮਜਬੂਤ ਹੋਣਾ ਬਹੁਤ ਹੀ ਜਰੂਰੀ ਹੈ ਅਤੇ ਇਸ ਲਈ ਨੌਜਵਾਨਾਂ ਨੂੰ ਖਾਸ ਤੌਰ ਤੇ ਅਤੇ ਬੀਬੀਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ, ਤਾਂ ਜੋ ਸਿੱਖ ਪੰਥ ਅਤੇ ਸ਼ੋ੍ਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਹਮਲਾ ਮਾਰੀਏ ਅਤੇ ਕਾਫਲੇ ਬੰਨ ਤੁਰੀਏ ਅਤੇ ਸ਼ਾਹਕੋਟ ਹਲਕਾ ਬਹੁਤ ਹੀ ਵਧੀਆ ਹਲਕਾ ਹੈ ਅਤੇ ਇਸ ਵਿੱਚ ਮੰਡਿਆਲਾ ਪਿੰਡ ਅਤੇ ਹੋਰ ਵੀ ਵੱਡੇ ਛੋਟੇ ਪਿੰਡ ਪੰਥਕ ਹਨ, ਇਸ ਇਕੱਠ ਨੂੰ ਦੇਖ ਕੇ ਇਹ ਜਾਪਦਾ ਹੈ ਕਿ ਸੰਗਤ ਵੀ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਸਮਰਪਿਤ ਹਨ, ਇਸੇ ਤਰ੍ਹਾਂ ਹਰ ਪਿੰਡ ਸ਼ਹਿਰ ਵਿੱਚ ਮੀਟਿੰਗਾਂ ਚੱਲ ਰਹੀਆਂ ਹਨ ਬਹੁਤ ਹੀ ਭਾਰੀ ਉਤਸਾਹ ਸੰਗਤਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮ ਅਨੁਸਾਰ ਭਰਤੀ ਕਰ ਰਹੀਆਂ ਹਨ।. ਇਸ ਮੌਕੇ ਸਮੂਹ ਵਰਕਰ ਸਾਹਿਬਾਨਾਂ ਅਤੇ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ



ਜੀ ਦਾ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਵਿੱਚ ਮੁੱਖ ਤੌਰ ਤੇ ਜਥੇਦਾਰ ਸੁਖਵੰਤ ਸਿੰਘ ਰੋਲੀ, ਜਥੇਦਾਰ ਊਧਮ ਸਿੰਘ ਔਲਖ,ਜਥੇਦਾਰ ਲਸ਼ਕਰ ਸਿੰਘ ਰਹੀਮਪੁਰ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 2 ਦਸੰਬਰ 2024 ਨੂੰ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਸੀ, ਅਤੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਸਿੱਧੇ ਹੀ ਤੌਰ ਤੇ ਇਹ ਆਖਿਆ ਗਿਆ ਸੀ ਕਿ ਇਹ ਲੀਡਰਸ਼ਿਪ ਪੰਜਾਬ ਦੀ ਅਤੇ ਸ਼ੋ੍ਮਣੀ ਅਕਾਲੀ ਦਲ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ, ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸ਼ੋ੍ਮਣੀ ਅਕਾਲੀ ਦਲ ਦੇ ਕੁਝ ਲੀਡਰਾਂ ਵੱਲੋਂ ਦੁਬਾਰਾ ਗਲਤੀ ਨੂੰ ਦੁਹਰਾਉਂਦੇ ਹੋਏ ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਫਸੀਲ ਤੋਂ ਬਣੀ ਹੋਈ ਕਮੇਟੀ ਤੋਂ ਭਰਤੀ ਕਰਾਉਣ ਦੀ ਬਜਾਏ ਆਪ ਖੁਦ ਭਰਤੀ ਕਰਕੇ ਦੁਬਾਰਾ ਸੁਖਬੀਰ ਸਿੰਘ ਬਾਦਲ ਨੂੰ ਹੀ ਪ੍ਰਧਾਨ ਲਗਾਇਆ ਗਿਆ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮਨਾਮਿਆਂ ਨੂੰ ਨਾਂ ਮੰਨ ਕੇ ਆਪਣੇ ਆਪ ਨੂੰ ਭਗੌੜਾ ਕਰ ਲਿਆ ਅਤੇ ਸੰਗਤਾਂ ਦੇ ਮਨਾਂ ਵਿੱਚ ਹੋਰ ਜਿਆਦਾ ਰੋਸ ਭਰ ਲਿਆ। ਇਸ ਮੌਕੇ ਮੇਜਰ ਸਿੰਘ ਮੰਡਿਆਲਾ ਵਰਿੰਦਰ ਸਿੰਘ ਸਾਬਕਾ ਸਰਪੰਚ ਬਾਬਾ ਜਾਗਰ ਸਿੰਘ ਜੀ ਪੰਡੋਰੀ ਮਨਜਿੰਦਰ ਸਿੰਘ ਲਖਵੀਰ ਸਿੰਘ ਹਰਵਿੰਦਰ ਸਿੰਘ ਲਾਡੀ ਮਹੇੜੂ ਕਾਲਾ ਅਟਵਾਲ ਮਹੇੜੂ ਸੁਖਵਿੰਦਰ ਸਿੰਘ ਮਹੇੜੂ ਨਿਰਮਲ ਸਿੰਘ ਮਹੇੜੂ ਗੁਰਿੰਦਰ ਸਿੰਘ ਮਾਨ ਮਹੇੜੂ ਫਤਿਹ ਸਿੰਘ ਮਾਨ ਮਹੇੜੂ ਸਰਬਜੀਤ ਸਿੰਘ ਸੰਘੇੜਾ ਨਵਾਂ ਪਿੰਡ ਜਥੇਦਾਰ ਧੰਨਾ ਸਿੰਘ ਤਲਵੰਡੀ ਸੰਘੇੜਾ ਜਥੇਦਾਰ ਯਸ਼ਪਾਲ ਸਿੰਘ ਪੰਨੂ ਅਮਰੀਕ ਸਿੰਘ ਕਲੇਰ ਪਰਜੀਆਂ ਸਰਬਜੀਤ ਸਿੰਘ ਸਾਬੀ ਪਰਜੀਆਂ ਖੁਰਦ ਤਰਲੋਕ ਸਿੰਘ ਮਾਲੋਵਾਲ ਗੁਰਵਿੰਦਰ ਸਿੰਘ ਮਾਲੋਵਾਲ ਬਲਵਿੰਦਰ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਅਵਾਣ ਖਾਲਸਾ ਭਜਨ ਸਿੰਘ ਪੰਨੂ ਅਵਾਣ ਖਾਲਸਾ ਗੁਰਵਿੰਦਰ ਸਿੰਘ ਸਰਪੰਚ ਉਮਰੇਵਾਲ ਜਗਜੀਤ ਸਿੰਘ ਸਾਬਕਾ ਸਰਪੰਚ ਬਘੇਲ ਅੰਮ੍ਰਿਤਪਾਲ ਸਿੰਘ ਉਮਰੇਵਾਲ ਬਲਜੀਤ ਸਿੰਘ ਉਮਰੇਵਾਲ ਸੁਖਜੀਤ ਸਿੰਘ ਮੈਸਮਪੁਰ ਗੁਰਪ੍ਰੀਤ ਸਿੰਘ ਉਮ-ਰੇਵਾਲ ਸਤਨਾਮ ਸਿੰਘ ਮਡਿਆਲਾ ਨਿਰਮਲ ਸਿੰਘ ਮੰਡਿਆਲਾ ਗੁਰਚਰਨ ਸਿੰਘ ਰੌਲੀ ਸੁਖਚੈਨ ਸਿੰਘ ਰੌਲੀ ਬੂਟਾ ਸਿੰਘ ਸੂਬੇਦਾਰ ਸੁਖਦੇਵ ਸਿੰਘ ਲਖਵੀਰ ਸਿੰਘ ਅਵਾਨ ਖਾਲਸਾ ਪ੍ਰੀਤਮ ਸਿੰਘ ਕੈਮ ਵਾਲਾ ਪਰਮਜੀਤ ਸਿੰਘ ਹਰੀਪੁਰ ਅਤੇ ਆਦਿ ਪਿੰਡਾਂ ਤੋਂ ਸੰਗਤਾਂ ਹਾਜ਼ਰ ਸਨ।

# ਮਿਸ਼ਨਰੀ ਪਰਿਵਾਰ ਦੇ ਵਿੱਚ ਏ ਐਸ ਆਈ ਕੁਲਦੀਪ ਸਿੰਘ ਗੁਣਾਚੌਰ ਦੀ ਦੂਸਰੀ ਬਰਸੀ ਤੇ ਅੱਖਾਂ ਦਾ ਕੈਂਪ ਲਗਾਇਆ ਗਿਆ

## ਇਸ ਮੌਕੇ ਤੇ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਅਤੇ ਪ੍ਰਵੀਨ ਬੰਗਾ ਨੇ ਪੁੱਜਕੇ ਸ਼ਰਧਾਂਜਲੀ ਭੇਟ ਕੀਤੀ











**ਬੰਗਾ (ਚਰਨਜੀਤ ਸੱਲ੍ਹਾਂ )** ਅੱਜ ਮਿਸ਼ਨਰੀ ਪਰਿਵਾਰ ਵਿੱਚ ਏ ਐਸ ਆਈ ਕੁਲਦੀਪ ਸਿੰਘ ਗੁਣਾਚੌਰ ਦੀ ਦੂਸਰੀ ਬਰਸੀ ਮਨਾਈ ਗਈ ਜਿਸ ਵਿੱਚ ਅੱਖਾਂ ਦਾ ਕੈਂਪ ਲਗਾਇਆ ਗਿਆ ਮਰੀਜ਼ਾਂ ਦਾ ਚੈੱਕਅਪ, ਐਨਕਾਂ ਅਤੇ ਦੁਵਾਈਆ ਮੁਫ਼ਤ ਦਿੱਤੀਆਂ ਗਈਆਂ। ਕੈਂਪ ਪੂਰਾ ਸੁਕਸਿਸਫੁੱਲ ਰਿਹਾ, ਸਵੇਰੇ 10 ਵਜੇ ਤੋਂ ਲੈਕੇ 3 ਵਜੇ ਤੱਕ ਮਰੀਜ਼ਾਂ ਦੀ ਲਾਈਨ ਨਹੀਂ ਖ਼ਤਮ ਹੋਈ। ਇਸ ਮੌਕੇ ਤੇ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਇਹ ਪਰਿਵਾਰ ਪਹਿਲਾਂ ਤੋਂ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਤੇ ਚੱਲਣ ਵਾਲਾ ਪਰਿਵਾਰ ਹੈ ਏ ਐਸ ਆਈ ਕੁਲਦੀਪ ਸਿੰਘ ਗੁਣਾਚੌਰ ਦੀ ਦੂਸਰੀ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾਂ ਹਾਂ ਅਤੇ ਪਰਿਵਾਰ ਨੂੰ ਕਿਹਾ ਕਿ ਤੁਸੀਂ ਮੇਰੇ ਕੋਲ ਆਇਓ ਤਾਂ ਮੈਂ ਤੁਹਾਡੀਆਂ ਮੰਗਾਂ ਲਈ ਜਿਸ ਵੀ ਅਫਸਰ ਜਾਂ ਮੰਤਰੀ ਨੂੰ ਕਹਿਣ ਤੋਂ ਪਿੱਛੇ ਨਹੀਂ ਹਟਾਂਗਾ ਕੁਲਦੀਪ ਸਿੰਘ ਗੁਣਾਚੌਰ ਜੀ ਨੂੰ ਸ਼ਹੀਦੀ ਕ਼ਰਾਰ ਦੇਣਾ ਚਾਹੀਦਾ ਹੈ। ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਨੇ ਵੀ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਇਸ ਮਿਸ਼ਨਰੀ ਪਰਿਵਾਰ ਦੀ ਹਰੇਕ ਗੱਲ ਸੁਣੀ ਜਾਵੇ ਕਿਉਂਕਿ ਕਿ ਜਿਸ ਵੇਲੇ ਕੁਲਦੀਪ ਸਿੰਘ ਗੁਣਾਚੌਰ ਦਾ ਐਕਸੀਡੈਂਟ ਹੋਇਆ ਹੈ ਉਹ ਓਨ ਡਿਊਟੀ ਤੇ ਸਨ। ਮਹਿੰਦਰ ਸਿੰਘ ਐਸ ਐਚ ਓ ਮੁਕੰਦਪੁਰ, ਮਨੋਹਰ ਕਮਾਮ ਜ਼ਿਲ੍ਹਾ ਇੰਚਾਰਜ, ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ,ਸੋਮ ਨਾਥ ਰਟੈਂਡਾ, ਹਰਜਿੰਦਰ ਲੱਧੜ ਪ੍ਰਧਾਨ ਬਸਪਾ ਬੰਗਾ, ਅਸ਼ੋਕ ਕੁਮਾਰ ਉਪ ਪ੍ਰਧਾਨ ਬਸਪਾ ਬੰਗਾ, ਸਰਬਜੀਤ ਜਾਫਰਪੁਰ ਜ਼ਿਲ੍ਹਾ ਪ੍ਰਧਾਨ, ਹਰਜਿੰਦਰ ਸਿੰਘ ਬਲਾਕ ਸੰਮਤੀ ਮੈਂਬਰ, ਸੁਰਿੰਦਰ ਕਰਨਾਣਾ, ਜਗਦੀਸ਼ ਭਲਵਾਨ,ਡਾ ਰਣਜੀਤ ਸਿੰਘ, ਕੁਲਦੀਪ ਵਿਰਦੀ, ਰਾਕੇਸ਼ ਕੁਮਾਰ ਪੀ ਏ, ਇੰਸਪੈਕਟਰ ਹਰਜਿੰਦਰ ਸਿੰਘ ਪੰਜਾਬ ਪੁਲਿਸ, ਗੁਰੂ ਨਾਨਕ ਮਿਸ਼ਨ ਚੈਰੀਟੇਬਲ ਹਸਪਤਾਲ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਕਲੇਰਾਂ, ਸੰਧੂ ਸਾਹਿਬ ਅਤੇ ਹੋਰ ਵੀ ਕਈ ਪੱਤਵੰਤੇ ਸ਼ਾਮਲ ਹੋਏ। ਬਾਅਦ ਵਿੱਚ ਸਭ ਮਰੀਜ਼ਾਂ ਨੂੰ ਬੂਟੇ ਵੰਡੇ ਗਏ ਇਸ ਤੋਂ ਪਤਾ ਲੱਗਦਾ ਹੈ ਕਿ ਉਹ ਕੁਦਰਤ ਨਾਲ ਕਿੰਨਾ ਪਿਆਰ ਕਰਦੇ ਹਨ। ਵਿਜੇ ਗੁਣਾਚੌਰ ਜੀ ਨੇ ਆਏ ਹੋਏ ਮਰੀਜ਼ਾਂ ਅਤੇ ਪਤਵੰਤੇ ਸੱਜਣਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਪਰ ਉਨ੍ਹਾਂ ਦੇ ਚਿਹਰੇ ਤੋਂ ਆਪਣੇ ਛੋਟੇ ਭਰਾ ਏ ਐਸ ਆਈ ਕੁਲਦੀਪ ਸਿੰਘ ਗੁਣਾਚੌਰ ਦੀ ਯਾਦ ਉਨ੍ਹਾਂ ਨੂੰ ਬਹੁਤ ਸਤਾ ਰਹੀ ਹੈ।

## ਬੀਤੇ ਸਮੇਂ ਦੀਆਂ ਯਾਦਾਂ

ਇੱਕ ਹੁਸਨ ਗੁਲਾਬ ਦੇ ਫੁੱਲ ਵਰਗਾ ,
ਮੇਰੇ ਨਿੱਤ ਸੁਪਨੇ ਵਿੱਚ ਆਉਂਦਾ ਏ ।
ਜਦੋਂ ਹਸਦੈ ਮੱਕੀ ਦੀ ਖਿੱਲ ਵਾਂਗੂੰ ,
ਬੀਤੇ ਦਿਨਾਂ ਨੂੰ ਯਾਦ ਕਰਾਉਂਦਾ ਏ ।
ਭਾਵੇਂ ਪਤਾ ਏ ਉਸ ਨੇ ਮੁੜ ਕੇ ਕਦੇ ,
ਮੇਰੀ ਜ਼ਿੰਦਗੀ ਦੇ ਵਿੱਚ ਆਉਂਣਾ'ਨੀਂ ;
ਲੂੰਅ ਲੂੰਅ ਪਿੰਡ ਰੰਚਣਾਂ ਵਾਲ਼ੇ ਦਾ ,
ਓਹਦੇ ਗੀਤ ਅਜੇ ਵੀ ਗਾਉਂਦਾ ਏ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਘੁੰਮ ਆਈਏ

ਚੱਲ ਘੁਮੱਕੜਾ ! ਘੁੰਮ ਆਈਏ ਵੇ
ਵਾਂਗ ਮਲੰਗਾਂ ਦੇ
ਪਰਦੇ ਲਾਂਭੇ ਕਰ ਛੱਡੀਏ ਹੁਣ
ਗੂੜ੍ਹੀਆਂ ਸੰਗਾਂ ਦੇ
ਓਹੀ ਅੰਦਰ ਮੌਨ ਧਾਰ ਕੇ
ਬੈਠਾ ਲਗਦਾ ਐ
ਜਿਸਦੇ ਬੋਲ ਕਦੇ ਨਾ ਆਏ
ਮੇਚ ਤਰੰਗਾਂ ਦੇ
ਓਸੇ ਨੂੰ ਹੀ ਵੱਲ ਝਿੜਕ ਕੇ
ਜ਼ਹਿਰ ਪਿਆਵਣ ਦਾ
ਸ਼ਹਿਦ ਬਾਜ਼ਾਰਾਂ ਦੇ ਵਿੱਚ ਵਿਕਦੇ
ਜ਼ਹਿਰੀ ਰੰਗਾਂ ਦੇ
ਭੈੜੀ ਇਕ ਕਮਾਨ ਉਹਦੇ
ਸਮਝੌਤੇ ਦੀ ਲੈ ਕੇ
ਹੌਲ਼ੀ-ਹੌਲ਼ੀ ਤੋੜੇ ਸਾਰੇ
ਤੀਰ ਉਮੰਗਾਂ ਦੇ
ਡਾਹਢੀ ਸੋਚ ਵਿਚਾਰ ਦੇ ਮਗਰੋਂ
ਸਨਮੁੱਖ ਹੋਏ ਨੇ
ਜਿੰਨੇ ਵਾਰਸ ਸਾਡੇ ਮੱਥੇ
ਖੂਣੀਆਂ ਜੰਗਾਂ ਦੇ
ਚੁੱਕ ਲੈ ਵੰਝਲ਼ੀ, ਕਾਸਾ, ਲੋਈ,
ਮੁੰਦਰਾਂ ਤੇ ਕੁਝ ਗ਼ਮ
ਚੱਲ ਰਾਂਝਿਆ! ਮੁੱਕ ਗਏ ਹੁਣ ਤਾਂ
ਮੇਲੇ ਝੰਗਾਂ ਦੇ
ਪੱਤਝੜ ਪੱਤੇ ਝਾੜ ਕੇ ਲੰਘੀ
ਸਾਡੇ ਹੁਸਨਾਂ ਦੇ
ਹੁਣ ਤੈਨੂੰ ਕਿੱਥੇ ਜੱਚਣੇ ਨੇ
ਰੂਪ ਕਰੰਗਾਂ ਦੇ
ਕੋਈ ਤਾਂ ਚੰਨ ਗਵਾਚ ਗਿਆ ਐ
ਅੰਬਰ ਕਾਲ਼ੇ ਦਾ
ਐਵੇਂ ਨਹੀਂ ਧਰਤੀ ਨੇ ਕੀਤੇ
ਟੋਟੇ ਵੰਗਾਂ ਦੇ



**ਰਿਤੂ ਵਾਸੂਦੇਵ**

## ਲੋਕ

ਰਾਜ ਭਾਗ ਦੇ ਮਾਲਕ ਬਣੀਂਏ ਕਿਰਤੀ ਕਾਮੇ ਸਾਰੇ ਲੋਕ।
ਮੰਜ਼ਿਲ ਉਹ ਹੀ ਸਰ ਕਰ ਜਾਂਦੇ ਜੋ ਪਹਿਲਾਂ ਹੁੰਦੇ ਹਾਰੇ ਲੋਕ।

ਜ਼ਖ਼ਮ ਹਾਲੇ ਵੀ ਰਿਸਦੇ ਜਿਨ੍ਹਾਂ ਤਨ ਤੇ ਪੀੜ ਹੰਢਾਈ ਹੈ,
ਬੀਤ ਚੱਲੀ ਹੈ ਪੌਣੀ ਸਦੀ ਪਰ ਭੁੱਲੇ ਨਹੀਂ ਬਟਵਾਰੇ ਲੋਕ।

ਆਖਣ ਨੂੰ ਧਰਮ ਨਿਰਪੱਖ ਹੈ ਮੇਰਾ ਭਾਰਤ ਦੇਸ਼ ਮਹਾਨ,
ਪਰ ਸੱਤਾ ਤੇ ਕਾਬਜ਼ ਹੁੰਦੇ ਅਕਸਰ ਧਰਮ ਸਹਾਰੇ ਲੋਕ।

ਸ਼ਕਲ ਮੋਮਨਾਂ ਤੇ ਕਰਤੂਤ ਕਾਫ਼ਿਰਾਂ ਵਾਲੀ ਸੱਚੀ ਗੱਲ ਜਾਪੇ,
ਅਮਨ ਦੇ ਹਾਮੀ ਦਿਸਦੇ ,ਛੱਡਦੇ ਪਰ ਅੰਗਿਆਰੇ ਲੋਕ।

ਨੋਟਬੰਦੀ ਤੇ ਅੱਤ ਮਹਿੰਗਾਈ ਮਾਰ ਰਹੀ ਹੈ ਜਨਤਾ ਨੂੰ,
ਢਿੱਡੋਂ ਭੁੱਖੇ ,ਤਨ ਤੋਂ ਨੰਗੇ, ਕਿੱਦਾਂ ਕਰਨ ਗੁਜ਼ਾਰੇ ਲੋਕ।

ਭਾਵੇਂ ਏੱਥੇ ਟਾਟੇ ਬਿਰਲੇ ਅੰਬਾਨੀ ਅਤੇ ਅੰਡਾਨੀ ਵੱਸਣ,
ਝੌਂਪੜੀਆਂ ਤੇ ਕੁੱਲੀਆਂ ਵਾਲੇ ਫਿਰਦੇ ਮਾਰੇ ਮਾਰੇ ਲੋਕ।

ਹਿੰਮਤ,ਲਗਨ ਅਤੇ ਹੌਂਸਲਾ ਰੱਖਦੇ ਨੇ ਜੋ ਆਪਣੇ ਅੰਦਰ,
ਆਪਣੇ ਦਮ ਤੇ ਕਰਦੇ ਨੇ ਸਰ ਪਰਬਤ ਭਾਰੇ ਲੋਕ ।

ਆਈਲੈਟਸ ਦੀ ਗੱਡੀ ਚੜ੍ਹਕੇ ਜਾਏ ਜਵਾਨੀ ਦੇਸ਼ੋਂ ਬਾਹਰ,
ਬੁੱਢੇ ਮਾਪੇ ਛੱਡ ਜਾਂਦੇ ਨੇ ਖੌਰੇ ਕਿਸ ਸਹਾਰੇ ਲੋਕ।

ਝਾਂਸੇ ਵਿਚ ਨਾ ਆਈ "ਕਾਲੀਆ" ਬਚ ਕੇ ਚੱਲਣਾ ਸਿੱਖ,
ਦਿਲ ਦੇ ਕੋਹੜੀ,ਮੂੰਹ ਦੇ ਮਿੱਠੇ, ਅੰਦਰੋਂ ਨੇ ਪਰ ਖਾਰੇ ਲੋਕ।



**ਦਲਜੀਤ ਰਾਏ ਕਾਲੀਆ,15/266 ਪੁਰਾਣਾ ਤਲਵੰਡੀ ਰੋਡ,ਜ਼ੀਰਾ,ਜ਼ਿਲ੍ਹਾ ਫ਼ਿਰੋਜ਼ਪੁਰ।**
**ਮੋਬਾਇਲ 97812-00168.**

## ਪਿੰਡ-ਗਰਾਂ

ਗੋਰੇ-ਗੋਰੀਆਂ ਤੋਂ ਪਰੇ, ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।
ਯਾ-ਯਾ, ਓ'ਕੇ, ਥੈਂਕਿਊ ਤੋਂ ਪਰੇ, ਚੱਲਾਂ ਛੱਡੇ ਘਰਾਂ ਦੇ ਵੱਲ।
ਉਸ ਘੜੀ ਆਪਣਿਆਂ ਕੋਲ਼ੋਂ, ਬੇਗਾਨਿਆਂ ਕੋਲ ਆ ਗਏ।
ਵੈਸੇ ਸ਼ੋਹਰਤਾਂ ਦੇ ਪਰਚਮ ਫੇਰ ਅਸਮਾਨਾਂ ਵਿੱਚ ਛਾ ਗਏ।
ਇੱਕ ਖਿੱਚ੍ਹ ਜਿਹੀ ਜੋ ਰਹਿ ਗਈ, ਕੁਝ ਕਰਾਂ ਇਸ ਦਾ ਹੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।
ਖੱਬੇ ਬੰਨੇ ਪਿੰਡ ਦੇ, ਅੱਧ-ਲਿੱਪਿਆ ਜਿਹਾ ਉਹ ਵਿਹੜਾ।
ਸੁਫਨਿਆਂ ਵਿੱਚ ਆ-ਆ ਕੇ, ਪਾ ਜਾਂਦਾ ਹੈ ਬਾਤਾਂ ਜਿਹੜਾ।
ਖੂਹਾਂ 'ਤੇ ਉਡੀਕਦੇ ਤੂਤਾਂ, ਪਿੱਪਲਾਂ, ਬੋਹੜਾਂ ਨਾਲ ਹੋਵੇ ਗੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।
ਇਹ ਪਿੰਡ ਛੱਡਿਆ ਤਾਂ ਸੀ ਪਰ ਦਿਲੋਂ ਨਾ ਕੱਢ ਹੋਇਆ।
ਸੱਚ ਹੀ ਸੁਣਿਆ, ਨਹੁੰਆਂ ਤੋਂ ਕਦੇ ਮਾਸ ਨਾ ਅੱਡ ਹੋਇਆ।
ਉੱਡ ਮਨਾਂ ਕੁਝ ਦਿਨ ਮੋੜ ਲਿਆਈਏ, ਬੀਤੇ ਹੋਏ ਪੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।
ਇਹ ਜੱਗ ਧਰਮਸ਼ਾਲ, ਤੁਰ ਜਾਂਦੇ ਆ ਮਹਿਮਾਨ ਬਹੁਤ ਨੇ।
ਬੇਗਾਨਿਆ ਮੁਲਕਾ! ਤੇਰੇ ਵੀ ਮੇਰੇ 'ਤੇ ਅਹਿਸਾਨ ਬਹੁਤ ਨੇ।
ਆਫਟਰ ਟੂ-ਥਰੀ ਵੀਕ ਮੁੜਨਾ ਹੀ ਪੈਣਾ, ਹੈ ਸਮਾਂ ਅਟੱਲ,
ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।
ਯਾ-ਯਾ, ਓ'ਕੇ, ਥੈਂਕਿਊ ਤੋਂ ਪਰੇ, ਚੱਲਾਂ ਛੱਡੇ ਘਰਾਂ ਦੇ ਵੱਲ।
ਗੋਰੇ-ਗੋਰੀਆਂ ਤੋਂ ਪਰੇ, ਚੱਲਾਂ ਆਪਣੇ ਪਿੰਡ-ਗਰਾਂ ਦੇ ਵੱਲ।

**(ਮਨਜੀਤ ਸਿੰਘ ਬੱਧਣ**
**9417635053)**





# ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ’ਤੇ ਪਹਿਰਾ ਦੇਣ ਦੀ ਲੋੜ - ਡਾ.ਰਾਜਿੰਦਰ ਪਾਲ

**● ਦੂਜਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਸਮਾਪਤ ● ਵਿਦਿਆਰਥੀਆਂ ਨੂੰ ਸਨਮਾਨ ਪੱਤਰ ਅਤੇ ਤਰਕਸ਼ੀਲ ਕਿਤਾਬਾਂ ਨਾਲ ਕੀਤਾ ਸਨਮਾਨਿਤ**





**ਬਰਨਾਲਾ** । ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਿੰਨ ਰੋਜ਼ਾ ਦੂਜੇ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦੇ ਤੀਜੇ ਅਤੇ ਆਖਰੀ ਦਿਨ ਵਿਦਿਆਰਥੀਆਂਨੂੰ ‘ਸ਼ਹੀਦੇ ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ’ ਅਤੇ ‘ਅਖੌਤੀ ਭੂਤ ਪ੍ਰੇਤਾਂ ਦੀ ਕਸਰ ਅਤੇ ਮਾਨਸਿਕ ਰੋਗ’ ਬਾਰੇ ਜਾਣਕਾਰੀ ਦੇਣ ਦੇ ਇਲਾਵਾ ਵਿਦਿਆਰਥੀਆਂ ਦੇ ਕੁਇੱਜ਼ ਮੁਕਾਬਲੇ ਵੀ ਕਰਵਾਏ ਗਏ।

ਇਸ ਮੌਕੇ ਪਹਿਲੇ ਸੈਸ਼ਨ ਦੇ ਮੁੱਖ ਬੁਲਾਰੇ ਅਤੇ ਉੱਘੇ ਵਿਦਵਾਨ ਡਾ.ਰਾਜਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਕਹਿਣਾ ਸੀ ਕਿ “ਨੌਜਵਾਨਾਂ ਨੂੰ ਇਨ-ਕਲਾਬ ਦਾ ਸੁਨੇਹਾ ਕਾਰਖਾਨਿਆਂ ਅਤੇ ਖੇਤਾਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ, ਕਿਸਾਨਾਂ,ਝੁੱਗੀ-ਝੌਂਪੜੀਆਂ ਅਤੇ ਸਮੁੱਚੇ ਕਿਰਤੀ ਵਰਗ ਤਕ ਪਹੁੰਚਾਉਣ ਦੀ ਲੋੜ ਹੈ ਅਤੇ ਇਹੀ ਕਿਰਤੀ ਇਨਕਲਾਬ ਅਸਲ ਆਜ਼ਾਦੀ ਲਿਆਵੇਗਾ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਅਸੰਭਵ ਬਣਾ ਦੇਵੇਗਾ।" ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਉਤੇ ਪਹਿਰਾ ਦੇਣ ਦੀ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਅਸਲ ਹਥਿਆਰ ਉਸਦੀ ਕਲਮ ਅਤੇ ਇਨਕਲਾਬੀ ਫ਼ਲਸਫ਼ੇ ਦਾ ਅਧਿਐਨ ਸੀ ਜਿਸ ਨੇ ਉਸਦੀ ਰਾਜਸੀ ਚੇਤਨਾ, ਬੌਧਿਕ ਸਮਰੱਥਾ ਅਤੇ ਸੰਘਰਸ਼ੀ ਪ੍ਰਤੀਬੱਧਤਾ ਨੂੰ ਸਥਾਪਿਤ ਕੀਤਾ। ਅਗਲੇ ਸੈਸ਼ਨ ਵਿੱਚ ਮਾਸਟਰ ਰਾਜਿੰਦਰ ਭਦੌੜ ਨੇ ਸਮਾਜ ਵਿੱਚ ਅਖੌਤੀ ਭੂਤਾਂ ਪਰੇਤਾਂ ਦੀ ਕਸਰ ਕਾਰਨ ਵੱਧ ਰਹੇ ਮਾਨਸਿਕ ਰੋਗਾਂ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਭੂਤਾਂ ਪਰੇਤਾਂ ਦੀ ਕੋਈ ਹੋਂਦ ਨਹੀਂ ਹੁੰਦੀ ਪਰ ਸਮਾਜਿਕ ਨਾਬਰਾਬਰੀ ਅਤੇ ਬੇਇਨਸਾਫ਼ੀ ਤੇ ਅਧਾਰਤ ਰਾਜ ਪ੍ਰਬੰਧ ਦੇ ਨਤੀਜੇ ਵਜੋਂ ਉਪਜੇ ਮਾਨਸਿਕ ਰੋਗ ਸਾਡੇ ਸਮੁੱਚੇ ਸਮਾਜ, ਸਿਹਤ ਅਤੇ ਕਾਰਜ ਪ੍ਰਣਾਲੀ ਨੂੰ ਕਮਜ਼ੋਰ ਅਤੇ ਬਰਬਾਦ ਕਰਦੇ ਹਨ। ਇਸ ਲਈ ਸਾਨੂੰ ਪਾਖੰਡੀ ਬਾਬਿਆਂ , ਜੋਤਸ਼ੀਆਂ ਦੇ ਝਾਂਸੇ ਵਿੱਚ ਫਸ ਕੇ ਲੁੱਟ ਕਰਵਾਉਣ ਦੀ ਥਾਂ ਆਪਣੀ ਸੋਚ ਨੂੰ ਵਿਗਿਆਨਕ ਅਤੇ ਮਜ਼ਬੂਤ ਬਣਾਉਣ ਦੀ ਲੋੜ ਹੈ। ਇਸ ਦੌਰਾਨ ਕੈਂਪ ਦੇ ਦੋਵੇਂ ਦਿਨ ਸਵੇਰੇ ਸੂਬਾਈ ਆਗੂ ਸੁਰਜੀਤ ਟਿੱਬਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਸਰੀਰਕ ਕਸਰਤ ਕਰਵਾਈ ਗਈ ਅਤੇ ਉਨ੍ਹਾਂ ਨੂੰ ਚੰਗੀ ਸਿਹਤ ਤੇ ਖੁਰਾਕ ਸੰਬੰਧੀ ਵਿਸ਼ੇਸ਼ ਤੌਰ ਤੇ ਸਿੱਖਿਅਤ ਕੀਤਾ ਗਿਆ। ਆਖਰੀ ਸੈਸ਼ਨ ਵਿੱਚ ਵਿਦਿਆਰਥੀਆਂ ਵੱਲੋਂ ਇਸ ਚੇਤਨਾ ਕੈਂਪ ਵਿੱਚ ਤਿੰਨੇ ਦਿਨ ਵੱਖ ਵੱਖ ਵਿਸ਼ਿਆਂ ਤੇ ਗ੍ਰਹਿਣ ਕੀਤੀ ਵਿਗਿਆਨਕ ਸਿੱਖਿਆ ਅਤੇ ਕਬੂਲੇ ਗਏ ਪ੍ਰਭਾਵ ਸਾਂਝੇ ਕੀਤੇ ਗਏ ਅਤੇ ਭਵਿੱਖ ਵਿੱਚ ਅਜਿਹੇ ਵਿਗਿਆਨਕ ਚੇਤਨਾ ਕੈਂਪਾਂ ਵਿੱਚ ਪੂਰੇ ਉਤਸ਼ਾਹ ਨਾਲ ਸ਼ਮੂਲੀਅਤ ਕਰਨ ਦਾ ਅਹਿਦ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਸੁਸਾਇਟੀ ਦੀ ਸੂਬਾ ਕਮੇਟੀ ਵੱਲੋਂ ਚੇਤਨਾ ਕੈਂਪ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੂਬਾਈ ਆਗੂ ਮਾਸਟਰ ਰਾਜਿੰਦਰ ਭਦੌੜ ਵੱਲੋਂ ਸਮੂਹ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ ਅਤੇ ਸਕੂਲ ਮੁਖੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੂਬਾ ਕਮੇਟੀ ਆਗੂ ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ, ਗੁਰਪ੍ਰੀਤ ਸ਼ਹਿਣਾ,ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ,ਜਸਵੰਤ ਮੋਹਾਲੀ, ਸੁਰਜੀਤ ਟਿੱਬਾ,ਕੁਲਜੀਤ ਡੰਗਰਖੇੜਾ, ਮੋਹਨ ਬਡਲਾ ਤੋਂ ਇਲਾਵਾ ਜੋਨ ਆਗੂ ਸੰਦੀਪ ਧਾਰੀਵਾਲ ਭੋਜਾਂ,ਕੁਲਵੰਤ ਕੌਰ ਪਟਿਆਲਾ, ਪ੍ਰਿ. ਹਰਿੰਦਰ ਕੌਰ,ਕੁਲਦੀਪ ਨੇਨੇਵਾਲ, ਰਾਮ ਕੁਮਾਰ ਪਟਿਆਲਾ,ਗਿਆਨ ਸਿੰਘ ਬਠਿੰਡਾ,ਵਿਨੋਦ ਬਾਰੇਕਾ,ਓਮ ਪ੍ਰਕਾਸ਼,ਮਾਸਟਰ ਹਰਪ੍ਰੀਤ ਗੋਨਿਆਨਾ, ਜਿੰਦਰ ਬਾਗਪੁਰ ਅਤੇ ਬਿੰਦਰ ਧਨੌਲਾ ਹਾਜ਼ਰ ਸਨ।ਇਸ ਮੌਕੇ ਸਕੂਲ ਅਧਿਆਪਕ ਅਤੇ ਮਾਪੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

**ਜਾਰੀ ਕਰਦਾ**
**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ)**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

# ਰਾਜਵਿੰਦਰ ਕੌਰ ਨਮਿਤ ਪਾਠ ਦਾ ਭੋਗ 13 ਜੂਨ ਨੂੰ ਪੱਤੀ ਪੁਰੇਵਾਲ ਵਿਖੇ ਪਵੇਗਾ



**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)**– ਬੀਕੇਯੂ ਦੁਆਬਾ ਦੇ ਪ੍ਰਧਾਨ ਕਸ਼ਮੀਰ ਸਿੰਘ ਪੰਨੂ (ਤੰਦਾਉਰਾ) ਦੀ ਹੋਣਹਾਰ ਬੇਟੀ ਰਾਜਵਿੰਦਰ ਕੌਰ ਜੋਂ ਕਿ ਪੁਰੇਵਾਲ ਪੱਤੀ (ਸ਼ੰਕਰ )ਵਿਖੇ ਵਿਹਾਏ ਹੋਏ ਸਨ ਪਿਛਲੇ ਦਿਨੀਂ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਪਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 13 ਜੂਨ ਦਿਨ ਸ਼ੁੱਕਰਵਾਰ ਨੂੰ ਪੁਰੇਵਾਲ ਪੱਤੀ (ਸ਼ੰਕਰ) ਨਕੋਦਰ ਵਿਖੇ ਦੁਪਹਿਰ 12 ਵਜੇ ਪਾਏ ਜਾਣਗੇ। ਉਪਰੰਤ ਗੁਰਬਾਣੀ ਕੀਰਤਨ ਹੋਵੇਗਾ ਅਤੇ ਰਾਜਵਿੰਦਰ ਕੌਰ ਨਮਿਤ ਅੰਤਿਮ ਅਰਦਾਸ 1:00 ਵਜੇ ਹੋਵੇਗੀ। ਪਰਿਵਾਰ ਵੱਲੋਂ ਇਸ ਦੁਖ ਦੀ ਵਿਚ ਘੜੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

# ਇਸ ਵੇਲੇ ਵੱਧ ਰਹੇ ਤਾਪਮਾਨ ਨੂੰ ਘਟਾਉਣ ਲਈ ਸਾਨੂੰ ਸਭਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ : ਅਵਤਾਰ ਸਿੰਘ ਭੀਖੋਵਾਲ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਧਰਤੀ ਉੱਪਰ ਵੱਧ ਰਹੀ ਤਪਸ਼ ਦਾ ਮੇਨ ਕਾਰਨ ਦਰੱਖਤਾਂ ਦੀ ਧੜਾਧੜ ਹੋ ਰਹੀ ਕਟਾਈ ਹੈ ਜਿਸ ਤਰ੍ਹਾਂ ਪਹਿਲਾਂ ਸੜਕਾਂ ਦੇ ਕੱਢਿਆਂ ਤੇ ਬਹੁਤ ਦਰਖਤ ਲੱਗੇ ਹੁੰਦੇ ਸਨ ਪਰ ਸਮੇਂ ਅਨੁਸਾਰ ਸੜਕਾਂ ਨੂੰ ਹਾਈਵੇ ਬਣਾਉਣ ਕਰਕੇ ਮਜ਼ਬੂਰਨ ਕਾਫੀ ਸਾਰੇ ਦਰਖਤਾਂ ਦੀ ਕਟਾਈ ਕਰਨੀ ਪਈ ਪਰ ਇਸਦੇ ਮੁਕਾਬਲੇ ਨਵੇਂ ਪੌਦੇ ਬਹੁਤ ਘੱਟ ਲੱਗ ਰਹੇ ਹਨ ਅਤੇ ਲਗਾਏ ਹੋਏ ਪੌਦਿਆਂ ਦੀ ਸਾਂਭ ਸੰਭਾਲ ਨਾ ਹੋਣ ਕਰਕੇ ਖਤਮ ਹੋਈ ਜਾਂਦੇ ਹਨ। ਇਹ ਵਿਚਾਰ ਨਜ਼ਦੀਕੀ ਪਿੰਡ ਭੀਖੋਵਾਲ ਦੇ ਗੁਰਦੁਆਰਾ ਗੁਰੂ ਨਾਨਕ ਚਰਨਸਰ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਅਵਤਾਰ ਸਿੰਘ ਭੀਖੋਵਾਲ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤੇ ਉਹਨਾਂ ਕਿਹਾ ਕਿ ਇਸ ਕੰਮ ਨੂੰ ਸਹੀ ਰਸਤੇ ਤੇ ਲਿਆਉਣ ਵਾਸਤੇ ਸਾਨੂੰ ਸਾਰਿਆਂ ਨੂੰ ਪੌਦੇ

ਲਗਾਉਣ ਦਾ ਅਤੇ ਉਸ ਦੀ ਸਾਂਭ ਸੰਭਾਲ ਦਾ ਉਪਰਾਲਾ ਜ਼ਰੂਰੀ ਕਰਨਾ ਚਾਹੀਦਾ ਹੈ ਜਿਵੇਂ ਕਿ ਕਿਸੇ ਦਾ ਜਨਮਦਿਨ ਮਨਾਇਆ ਜਾ ਰਿਹਾ ਹੈ, ਵਿਆਹ ਦੀ ਵਰੇਗੰਢ ਮਨਾਈ ਜਾ ਰਹੀ ਹੈ

ਘੱਟ ਤੋਂ ਘੱਟ ਉਸ ਦਿਨ ਨੂੰ ਸਮ੍ਰਪਿਤ ਹੋ ਕੇ ਪੌਦੇ ਲਾਉਣ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਉਹਨਾ ਕਿਹਾ ਕਿ ਇਸ ਵੇਲੇ ਵੱਧ ਰਹੇ ਤਾਪਮਾਨ ਨੂੰ ਘਟਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਵੱਧ ਰਹੀ ਗਰਮੀ ਇੱਕ ਗੰਭੀਰ ਤੇ ਚਿੰਤਾ ਵਾਲਾ ਵਿਸ਼ਾ ਹੈ

ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਲਗਾਏ ਗਏ ਰੁੱਖਾਂ ਦੀ ਸੰਭਾਲ ਕਰਨੀ ਵੀ ਅਤਿ ਜਰੂਰੀ ਹੈ। ਉਹਨਾਂ ਪਿੰਡਾ ਤੇ ਸਹਿਰਾ ਦੇ ਵਸਨੀਕਾ ਨੂੰ ਜੋਰ ਦੇ ਕਿਹਾ ਵੱਧ ਤੋਂ ਵੱਧ ਪੌਦੇ ਲਗਾਓ ਤਾਂ ਕਿ ਸਾਨੂੰ ਆਕਸੀਜਨ ਦੀ ਕਮੀ ਵੀ ਨਾ ਹੋ ਸਕੇ ਅਤੇ ਰੁੱਖ ਲਗਾਉਣ ਦਾ ਸਹੀ ਅਰਥਾਂ ਵਿੱਚ ਸਾਨੂੰ ਸਭਨੂੰ ਲਾਭ ਵੀ ਹੋ ਸਕੇ ਉਹਨਾਂ ਕਿਹਾ ਸਾਨੂੰ ਆਪਣੀ ਰਿਹਾਇਸ਼ ਅਤੇ ਰਿਹਾਇਸ਼ ਦੇ ਆਲੇ ਦੁਆਲੇ ਨੂੰ ਪੂਰਨ ਤੌਰ ਤੇ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਅਤੇ ਪਿੰਡਾਂ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣੇ ਅਤੇ ਰੁੱਖਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਅਜਿਹਾ ਹੋਣ ਨਾਲ ਜਿੱਥੇ ਸਾਡਾ ਆਲਾ ਦੁਆਲਾ ਹਰਿਆ ਭਰਿਆ ਹੋਵੇਗਾ ਉੱਥੇ ਪ੍ਰਦੂਸ਼ਣ ਤੋਂ ਵੀ ਮੁਕਤੀ ਮਿਲੇਗੀ। ਉਹਨਾਂ ਕਿਹਾ ਕਿ ਰੁੱਖ ਲਗਾਉਣਾ ਸਾਡੇ ਜੀਵਨ ਅਤੇ ਵਾਤਾਵਰਣ ਲਈ ਬਹੁਤ ਫਾਇਦੇਮੰਦ ਹੈ। ਸਾਨੂੰ ਰੁੱਖ ਲਗਾ ਕੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਅਤੇ ਟਿਕਾਊ ਸੰਸਾਰ ਸਿਰਜਣਾ ਚਾਹੀਦਾ ਹੈ।

# ਹੁਸ਼ਿਆਰਪੁਰ ਦੀ ਸਬਜ਼ੀ ਮੰਡੀ ਵਿੱਚ ਠੇਕੇਦਾਰ ਵੱਲੋਂ ਆਮ ਲੋਕਾਂ ਦੀ ਲੁੱਟ ਖਸੁੱਟ ਨੂੰ ਰੋਕਿਆ ਜਾਵੇ : ਦਿਨੇਸ਼ ਪੱਪੂ



**ਹੁਸ਼ਿਆਰਪੁਰ( ਚਰਨਜੀਤ ਸੱਲ੍ਹਾਂ )** ਹੁਸ਼ਿਆਰਪੁਰ ਦੀ ਸਬਜ਼ੀ ਮੰਡੀ ਵਿੱਚ ਠੇਕੇਦਾਰ ਵਲੋਂ ਕੀਤੀ ਜਾ ਰਹੀ ਆਮ ਲੋਕਾਂ ਦੀ ਲੁੱਟ ਖਸੁੱਟ ਬੰਦ ਕੀਤੀ ਜਾਵੇ ਇਹ ਸ਼ਬਦ ਦਿਨੇਸ਼ ਪੱਪੂ ਬਸਪਾ ਆਗੂ ਨੇ ਕਹੇ। ਹੁਸ਼ਿਆਰਪੁਰ ਦੀ ਸਬਜ਼ੀ ਮੰਡੀ ਵਿੱਚ ਠੇਕੇਦਾਰਾ ਵਲੋ ਮੰਡੀ ਵਿੱਚ ਦਾਖ਼ਲ ਹੋਣ ਲਈ ਕੱਟੀ ਜਾਂਦੀ ਪਰਚੀ ਵਿੱਚ ਹਰ ਦੂਸਰੇ ਮਹੀਨੇ ਕੀਤੇ ਜਾ ਰਹੇ ਵਾਧੇ ਤੋਂ ਆਮ ਪਬਲਿਕ ਵਿੱਚ ਰੋਸ ਪਾਇਆ ਜਾ ਰਿਹਾ ਹੈ! ਕੁਝ ਦਿਨ ਪਹਿਲਾਂ ਤੱਕ ਏਹ ਪਰਚੀ ੍ਸ 70 ਤੋਂ ਵਧਾ ਕੇ 100 ਕਰ ਦਿੱਤੀ ਹੈ. ਜੇ ਕਰ ਕੋਈ ਘਰ ਵਾਸਤੇ ਵੀ ਸਬਜ਼ੀ ਦੀ ਖ਼ਰੀਦ ਕਰਦਾ ਹੈ ਉਸ ਤੋਂ ਵੀ ੍ਸ 20 ਪਰਚੀ ਦੇ ਨਾਮ ਤੇ ਵਸੂਲ ਕੀਤੇ ਜਾ ਰਹੇ ਹਨ! ਮੰਡੀ ਬੋਰਡ ਦੇ ਨਵੇ ਬਣੇ ਚੇਅਰਮੈਨ ਸਾਹਿਬ ਨੂੰ ਅਪੀਲ ਹੈ ਕੇ ਏਸ ਲੁੱਟ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕੀਤਾ ਜਾਵੇ ।

# ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਤਹਿਤ ਬਾਬਾ ਸਾਹਿਬ ਡਾ ਅੰਬੇਡਕਰ ਜੀ ਵਾਰੇ ਪਿੰਡ ਤਾਜਪੁਰ-ਭਗਵਾਨਪੁਰ ਮਿਸ਼ਨਰੀ ਪ੍ਰੋਗਰਾਮ ਨੂੰ ਸੰਬੋਧਨ ਕੀਤਾ : ਐਡਵੋਕੇਟ ਬਲਵਿੰਦਰ ਕੁਮਾਰ







**ਕਰਤਾਰਪੁਰ (ਚਰਨਜੀਤ ਸੱਲ੍ਹਾਂ )** ਬਸਪਾ ਦੀ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਹਲਕਾ ਕਰਤਾਰਪੁਰ ਦੇ ਪਿੰਡ ਤਾਜਪੁਰ-ਭਗਵਾਨਪੁਰ ਵਿਖੇ ਵੱਡਾ ਸਮਾਗਮ ਕਰਵਾਇਆ ਗਿਆ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋ ਕੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪ੍ਰਬੰਧਕੀ ਟੀਮ ਵਿੱਚੋਂ ਬਾਬੂ ਮੁੰਨੀ ਲਾਲ, ਰਾਮ ਲਾਲ ਲਾਲੀ, ਮਾਸਟਰ ਜਗਦੀਸ਼, ਪੰਚ ਰਾਕੇਸ਼ ਸੱਲਣ, ਰਮਨ



ਸੱਲਣ, ਨਰਿੰਦਰ ਬੱਬੂ, ਰਾਜੂ, ਸਤੀਸ਼, ਪ੍ਰਦੀਪ, ਲਾਲੀ, ਦਵਿੰਦਰ ਮਹੇ, ਹੰਸਰਾਜ, ਅਸ਼ੋਕ ਕੁਮਾਰ, ਜੀਤਾ, ਮਾਸਟਰ ਰਜਿੰਦਰ, ਸੁਰਿੰਦਰ ਤਾਰੀ, ਪੰਚ ਸ੍ਰੀਮਤੀ ਨਿੰਦਰਾ, ਪੰਚ ਸ੍ਰੀਮਤੀ ਬਖਸ਼ੋ, ਪੰਚ ਸ੍ਰੀਮਤੀ ਮਨਜੀਤ ਕੌਰ, ਪੰਚ ਸ੍ਰੀਮਤੀ ਰੀਟਾ, ਪੰਚ ਸ੍ਰੀਮਤੀ ਜਸਵਿੰਦਰ ਕੌਰ, ਪੰਚ ਰਸ਼ਪਾਲ ਚੰਦੜ ਪਾਲੀ, ਪੰਚ ਦੀਪਾ, ਹੈਰੀ ਚੰਦੜ, ਅਭੀ, ਧੋਨੀ ਚੰਦੜ, ਜਤਿਨ ਚੰਦੜ, ਜੱਸੀ ਚੰਦੜ ਆਦਿ ਸਮੇਤ ਪ੍ਰਿੰਸੀਪਲ ਚੰਚਲ, ਬਸਪਾ ਆਗੂ ਕਮਲਦੀਪ ਬਾਦਸ਼ਾਹਪੁਰ, ਪਾਲੀ ਹੁਸੈਨਪੁਰ, ਧਰਮਪਾਲ ਕਾਦੀਆਂ, ਰਵੀ ਸਰਪੰਚ, ਰਾਕੇਸ਼ ਰਾਮਪੁਰ ਵੀ ਮੌਜੂਦ ਸਨ।

# ਡਾ. ਭੀਮ ਰਾਉ ਅੰਬੇਡਕਰ ਜੀ ਦਾ ਅਪਮਾਨ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਘੱਟ ਤੋ ਘੱਟ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ : ਠੇਕੇਦਾਰ ਭਗਵਾਨ ਦਾਸ ਸਿੱਧੂ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਸਿੱਧੂ, ਨੇ ਪਿਛਲੇ ਦਿਨੀ ਫਿਲੌਰ ਦੇ ਨਾਲ ਲੱਗਦੇ ਪਿੰਡ ਨੰਗਲ ਵਿਖੇ ਭਾਰਤ ਰਤਨ, ਭਾਰਤੀ ਸੰਵਿਧਾਨ ਨਿਰਮਾਤਾ, ਕ੍ਰੋੜਾਂ ਲੋਕਾਂ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੀ ਬੇਅਦਬੀ ਕਰਨ ਦੀ ਭਾਰੀ ਆਲੋਚਨਾ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਜੀ ਦਾ ਅਪਮਾਨ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਘੱਟ ਤੋ ਘੱਟ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ।

ਠੇਕੇਦਾਰ ਭਗਵਾਨ ਦਾਸ ਸਿੱਧੂ, ਨੇ ਕਿਹਾ ਕਿ ਕੁੱਝ



ਸਮਾਜ ਅਤੇ , ਭਾਰਤ ਵਿਰੋਧੀ ਤਾਕਤਾਂ ਐਸਸੀ ਸਮਾਜ ਅਤੇ ਸਿੱਖ ਭਾਈਚਾਰੇ ਅੰਦਰ ਨਫਰਤ ਦੇ ਬੀਜ ਬੀਜ ਕੇ ਆਪਸੀ ਭਾਈਚਾਰਕ ਸਾਂਝ ਅਤੇ ਏਕਤਾ,ਅਮਨ ਸ਼ਾਂਤੀ ਦੇ ਮਾਹੌਲ ਨੂੰ ਲਾਂਬੂ ਲਗਾਉਣ ਦੀ ਕੋਸ਼ਿਸ਼ ਕਰ ਰਹੇ ਰਹੇ ਹਨ, ਇਸ ਕਰਕੇ ਪੰਜਾਬ ਵਾਸੀਆਂ ਨੂੰ ਅਜਿਹੀਆਂ ਲਾਂਬੂ ਲਾਉਣ ਵਾਲੀਆਂ ਤਾਕਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਬਸਪਾ ਆਗੂ ਨੇ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਵਿਦਵਾਨਾਂ, ਯੋਧਿਆਂ ਦੀ ਧਰਤੀ ਹੈ ਜਿਨਾਂ ਨੇ ਦੇਸ਼ ਵਾਸੀਆਂ ਨੂੰ ਜਿਥੇ ਅਮਨ , ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਕੇ ਰਹਿਣ ਦਾ ਰਸਤਾ ਦੱਸਿਆ ਹੈ ਓਥੇ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਕਰਨ ਦਾ ਬਲ ਵੀ ਬਖਸ਼ਿਆ ਹੈ। ਬਸਪਾ ਆਗੂ ਨੇ ਕਿਹਾ ਕਿ ਸਰਕਾਰਾਂ ਵਿੱਚ ਬੈਠੇ ਸਵਾਰਥੀ ਤੇ ਲਾਲਚੀ ਲੋਕਾਂ ਦੀਆਂ ਨਾਕਾਮੀਆਂ ਨੇ ਬਾਬਾ ਸਾਹਿਬ ਜੀ ਦਾ ਅਪਮਾਨ ਕਰਾਕੇ ਕ੍ਰੋੜਾਂ ਦਲਿਤਾਂ, ਗਰੀਬਾਂ ਦੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਹੈ, ਜਿਸਨੂੰ ਬਹੁਜਨ ਸਮਾਜ ਪਾਰਟੀ ਬਰਦਾਸ਼ਤ ਨਹੀਂ ਕਰੇਗੀ।

# ਅੱਜ ਆਮ ਆਦਮੀ ਪਾਰਟੀ ਦੇ ਐਸੀ ਵਿੰਗ ਦੇ ਪ੍ਰਧਾਨ ਦੀ ਮਾਤਾ ਸੁਰਿੰਦਰ ਕੌਰ ਗੋਬਿੰਦਪੁਰ ਦਾ ਅੰਤਿਮ ਸੰਸਕਾਰ ਕੀਤਾ ਗਿਆ

**ਬੰਗਾ (ਚਰਨਜੀਤ ਸੱਲ੍ਹਾਂ )** ਅੱਜ ਆਮ ਆਦਮੀ ਪਾਰਟੀ ਦੇ ਐਸੀ ਵਿੰਗ ਗੋਬਿਦਪੁਰ ਦੇ ਪ੍ਰਧਾਨ ਜੀ ਦੀ ਮਾਤਾ ਸੁਰਿੰਦਰ ਕੌਰ ਜੀ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਹ ਆਪਣੀ ਸੰਸਕਾਰਕ ਯਾਤਰਾ ਪੂਰੀ ਕਰ ਗਏ ਇਸ ਮੌਕੇ ਤੇ ਪਾਰਟੀ ਦੇ ਸੀਨੀਅਰ ਆਗੂ ਕੁਲਜੀਤ ਸਿੰਘ ਸਹਾਰਲ ਇੰਚਾਰਜ ਲੋਕ ਸਭਾ ਸ੍ਰੀ ਆਨੰਦਪੁਰ ਸਾਹਿਬ ਨੇ ਸ਼ੋਕ ਸੰਦੇਸ਼ ਭੇਜਿਆ ਗਿਆ। ਉਨ੍ਹਾਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮੰਡੀ ਬੋਰਡ ਦੇ ਚੇਅਰਮੈਨ ਬਲਵੀਰ ਸਿੰਘ ਕਰਨਾਣਾ ਦੁੱਖ ਜ਼ਾਹਿਰ ਕੀਤਾ ਇਸ ਮੌਕੇ ਉਨ੍ਹਾਂ ਦੇ ਨਾਲ ਪ੍ਰਧਾਨ ਸਤਨਾਮ ਸਿੰਘ ਝਿੱਕਾ,



ਅਮਰੀਕ ਸਿੰਘ ਕਿਸਾਨ ਆਗੂ ਹੇੜੀਆ, ਸਾਬਕਾ ਸਰਪੰਚ ਲਾਲੋ ਮਜਾਰਾ, ਦਰਸ਼ਣ ਸਿੰਘ ਨੰਬਰਦਾਰ, ਰਛਪਾਲ ਸਿੰਘ ਨੰਬਰਦਾਰ, ਗੁਰਦੇਵ ਰਾਮ ਸਾਬਕਾ ਪੰਚ, ਅਮਰਜੀਤ ਕਲੇਰ ਸਾਬਕਾ ਸਰਪੰਚ, ਮਹਿੰਦਰ ਰਾਮ ਕਾਮਰੇਡ ਸਾਬਕਾ ਪੰਚ, ਚਰਨਦਾਸ ਕਾਮਰੇਡ, ਕੁਲਵਿੰਦਰ ਰਾਮ, ਬਲਵੀਰ ਰਾਮ ਕਾਮਰੇਡ, ਹਰਬੰਸ ਵਿਰਦੀ ਪੱਦੀਮੱਟਵਾਲੀ, ਰੇਸ਼ਮ ਲਾਲ, ਗੁਰਮੁਖ ਰਾਮ ਅਤੇ ਸਮੂਹ ਸਕੇਂ ਸਬੰਧੀ ਨਗਰ ਨਿਵਾਸੀ ਹਾਜ਼ਰ ਹੋਏ। ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 14 ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਗੁਰਦੁਆਰਾ ਪਿੰਡ ਗੋਬਿੰਦਪੁਰ ਵਿਖੇ ਪਵੇਗਾ ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

... (FREE CONSULTATION) ...

GENERAL DISEASES: ... (Diabetes), ... (Asthma), ... (Arthritis), ... (Rheumatism), ... (Sciatica), ... (Indigestion), ... (Heart Burning) ... (Constipation), ... (Piles) ... (Haemorrhoids), ... (Flatulence), ... (Jaundice), ... (Hepatitis), ... (Hernia), ... (Blood Presure High or Low), ... (Obesity), ... (Migraine), ... (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC) - ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')
... INFORMATION, ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ... TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) ... £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) - ... £19
NURALACO (IN OINTMENT OR LOTION) - ... £19
CHILLAGA (IN OINTMENT OR LOTION) - ... £19
ARNSTRA (IN OINTMENT) - ... (BRUISES) ... (BED SORES) ... £19
BELINFLA (IN OIL OR OINTMENT) - ... £19
BELULCE (IN OIL) - ... ULCERS ... £19
BRYJOIN (IN OIL) - ... £19
CALWOUN (IN OIL OR OINTMENT) - ... £19
BURCAN (IN LOTION OR OINTMENT) - ... £19
ROUTUM (IN OINTMENT) - ... £19
JOINRHU (IN OIL) - ... £19
ABSSIL (IN LOTION) - ... £19
ITCSUL (IN OIL) - ... £19
WARTHU (IN OIL) - ... (WARTS) ... £19

* HOMOEOPATHIC HEALTH CLINIC ... (ਹਰ ਆਰਡਰ ਨਾਲ £10 ... )

ਹਰ ਤਰ੍ਹਾਂ ਦੇ ਨਸ਼ਿਆਂ ਅਤੇ ... ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS




MANJEET SINGH KHANBA
Award Winner 1999, 2001 & 2005 (2 Awards) BSYA

# ਭਾਜਪਾ ਤੇ ਲੋਕ ਇਨਸਾਫ ਪਾਰਟੀ ਦੇ ਵੱਡੇ ਆਗੂ ਬਸਪਾ ਵਿੱਚ ਸ਼ਾਮਲ

**● ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨੂੰ ਵੱਡਾ ਹੁੰਗਾਰਾ ● ਸਰਕਾਰ ਦੀ ਧੱਕੇਸ਼ਾਹੀ ਦਾ ਮੁਕਾਬਲਾ ਕਰਨ ਲਈ ਲੋਕ ਬਸਪਾ ਨਾਲ ਜੁੜਨ : ਡਾ. ਕਰੀਮਪੁਰੀ**









**ਜਲੰਧਰ।** ਬਹੁਜਨ ਸਮਾਜ ਪਾਰਟੀ (ਬਸਪਾ) ਦੀ 'ਪੰਜਾਬ ਸੰਭਾਲੋ ਮੁਹਿੰਮ' ਤੋਂ ਪ੍ਰਭਾਵਿਤ ਹੋ ਕੇ ਸੂਬੇ ਭਰ ਵਿੱਚੋਂ ਜਿੱਥੇ ਵੱਡੀ ਗਿਣਤੀ ਵਿੱਚ ਲੋਕ ਪਾਰਟੀ ਨਾਲ ਜੁੜ ਰਹੇ ਹਨ, ਉੱਥੇ ਦੂਜੀ ਪਾਰਟੀਆਂ ਦੇ ਵੱਡੇ ਆਗੂ ਵੀ ਬਸਪਾ ਵਿੱਚ ਸ਼ਾਮਲ ਹੋ ਰਹੇ ਹਨ। ਇਸੇ ਲੜੀ ਤਹਿਤ ਅੱਜ ਇੱਥੇ ਪ੍ਰੈਸ ਕਲੱਬ ਵਿਖੇ ਮਿਤੀ 8 ਜੂਨ ਨੂੰ ਭਾਜਪਾ ਤੇ ਲੋਕ ਇਨਸਾਫ ਪਾਰਟੀ ਦੇ ਵੱਡੇ ਆਗੂ ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਗਏ। ਬਸਪਾ ਸੂਬਾ ਪ੍ਰਧਾਨ ਨੇ ਇਨ੍ਹਾਂ ਆਗੂਆਂ ਨੂੰ ਸਿਰੋਪਾ ਦੇ ਕੇ ਪਾਰਟੀ ਵਿੱਚ ਸ਼ਾਮਲ ਕਰਵਾਇਆ। ਇਸ ਮੌਕੇ ਉਨ੍ਹਾਂ ਨਾਲ ਬਸਪਾ ਦੇ ਸੂਬਾ ਇੰਚਾਰਜ ਚੌਧਰੀ ਗੁਰਨਾਮ ਸਿੰਘ ਤੇ ਤੀਰਥ ਰਾਜਪੁਰਾ ਵੀ ਮੌਜੂਦ ਸਨ।

ਬਸਪਾ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਵਿੱਚ ਭਾਜਪਾ ਦੇ ਗੁਰਦਾਸਪੁਰ ਤੋਂ ਕਿਸਾਨ ਮੋਰਚਾ ਦੇ ਸੂਬਾ ਸਕੱਤਰ ਜਸਬੀਰ ਸਿੰਘ ਸੁਜਾਨਪੁਰ, ਗੁਰਦਾਸਪੁਰ ਤੋਂ ਹੀ ਲੋਕ ਇਨਸਾਫ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਹਰਮੀਤ ਸਿੰਘ, ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਪਾਲ ਸਿੰਘ, ਐਸਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਕੁਮਾਰ ਅਤਰੀ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਦੀਸ਼ ਰਾਜ, ਜ਼ਿਲ੍ਹਾ ਸਲਾਹਕਾਰ ਕਮੇਟੀ ਦੇ ਮੈਂਬਰ ਕੰਵਲਜੀਤ ਸਿੰਘ ਗਿੱਲ, ਜ਼ਿਲ੍ਹਾ ਮੀਤ ਪ੍ਰਧਾਨ ਪਿਆਰਾ ਸਿੰਘ, ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ ਬਲਵਿੰਦਰ ਸਿੰਘ ਭੋਪਾਰਾਏ, ਹਲਕਾ ਇੰਚਾਰਜ ਡੇਰਾ ਬਾਬਾ ਨਾਨਕ ਦਲਜਿੰਦਰ ਸਿੰਘ ਬਾਜਵਾ, ਹਲਕਾ ਮੀਤ ਪ੍ਰਧਾਨ ਡੇਰਾ ਬਾਬਾ ਨਾਨਕ ਮੋਹਣ ਸਿੰਘ ਅਠਵਾਲ, ਹਲਕਾ ਸਲਾਹਕਾਰ ਡੇਰਾ ਬਾਬਾ ਨਾਨਕ ਫੌਜੀ ਬਲਕਾਰ ਸਿੰਘ, ਹਲਕਾ ਇੰਚਾਰਜ ਫਤਹਿਗੜ ਚੂੜੀਆਂ ਹਰਪਿੰਦਰ ਸਿੰਘ ਦਾਲਮ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ ਭੁਪਿੰਦਰ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਗੁਰਬਾਜ ਸਿੰਘ ਵੜੈਚ, ਹਲਕਾ ਇੰਚਾਰਜ ਬਟਾਲਾ ਗਿਆਨੀ ਕਰਤਾਰ ਸਿੰਘ, ਹਲਕਾ ਇੰਚਾਰਜ ਸ੍ਰੀ ਹਰਗੋਬਿੰਦਪੁਰ ਕੁਲਵੰਤ ਸਿੰਘ, ਜ਼ਿਲ੍ਹਾ ਪ੍ਰਧਾਨ ਪਠਾਨਕੋਟ ਕੇਵਲ ਕ੍ਰਿਸ਼ਨ, ਹਲਕਾ ਇੰਚਾਰਜ ਭੋਆ ਸੁਰਿੰਦਰ ਕੁਮਾਰ, ਪਾਰਟੀ ਮੈਂਬਰ ਦਿਆਲ ਸਿੰਘ, ਤਰਨਤਾਰਨ ਤੋਂ ਮਾਝਾ ਜ਼ੋਨ ਦੇ ਸੀਨੀਅਰ ਮੀਤ ਪ੍ਰਧਾਨ ਰੇਸ਼ਮ ਸਿੰਘ, ਤਰਨ-ਤਾਰਨ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੈਂਬਰ ਬਲਾਕ ਸੰਮਤੀ ਗਿਆਨੀ ਤਰਲੋਚਨ ਸਿੰਘ ਆਦਿ ਦਾ ਨਾਂ ਮੁੱਖ ਤੌਰ 'ਤੇ ਸ਼ਾਮਲ ਹੈ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਵਿੱਚ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਵਸ ਦੇ ਮੌਕੇ 'ਤੇ 15 ਮਾਰਚ ਤੋਂ ਬਸਪਾ ਵੱਲੋਂ 'ਪੰਜਾਬ ਸੰਭਾਲੋ ਮੁਹਿੰਮ' ਸ਼ੁਰੂ ਕੀਤੀ ਗਈ ਸੀ। ਸੱਤਾਧਾਰੀ ਪਾਰਟੀਆਂ ਵੱਲੋਂ ਕੀਤੀ ਗਈ ਪੰਜਾਬ ਦੀ ਬਰਬਾਦੀ ਤੋਂ ਬਚਾਉਣ ਲਈ ਬਸਪਾ ਵੱਲੋਂ 'ਪੰਜਾਬ ਸੰਭਾਲੋ ਮੁਹਿੰਮ' ਚਲਾਈ ਜਾ ਰਹੀ ਹੈ। ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਸੂਬੇ ਦੀ ਮੌਜੂਦਾ ਆਪ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਤੇ ਲੋਕ ਰਾਜ ਨੂੰ ਪੁਲਿਸ ਜ਼ਬਰ ਰਾਹੀਂ ਤਾਨਾਸ਼ਾਹੀ ਰਾਜ ਵਿੱਚ ਬਦਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਆਪ ਸਰਕਾਰ ਨੇ ਪੁਲਿਸ ਜ਼ਬਰ ਰਾਹੀਂ ਸੈਕੜੇ ਔਰਤਾਂ ਤੇ ਬੰਦਿਆਂ ਨੂੰ ਜ਼ਮੀਨ ਮਾਮਲੇ ਵਿੱਚ ਜੇਲ੍ਹਾਂ ਵਿੱਚ ਭੇਜਿਆ। ਇਨ੍ਹਾਂ ਵਿੱਚ ਲੜਕੀਆਂ ਤੇ ਬਜ਼ੁਰਗ ਔਰਤਾਂ ਵੀ ਸ਼ਾਮਲ ਸਨ। ਇਸੇ ਤਰ੍ਹਾਂ ਹੀ ਬਠਿੰਡਾ ਵਿੱਚ ਪੁਲਿਸ ਦੇ ਤਸ਼ੱਦਦ ਨਾਲ ਨੌਜਵਾਨ ਦੀ ਮੌਤ ਹੋਈ। ਕਿਸਾਨਾਂ 'ਤੇ ਸ਼ੰਭੂ ਬਾਰਡਰ 'ਤੇ ਤਸ਼ੱਦਦ ਕੀਤਾ ਗਿਆ। ਪਟਿਆਲਾ ਦੇ ਸਿਆਲੂ ਪਿੰਡ ਵਿੱਚ ਸ਼ਾਮਲਾਟ ਜ਼ਮੀਨ ਦੇ ਮਾਮਲੇ ਵਿੱਚ ਦਲਿਤਾਂ 'ਤੇ ਜ਼ਬਰ ਕੀਤਾ ਗਿਆ। ਇਸੇ ਤਰ੍ਹਾਂ ਹੀ ਜਲੰਧਰ ਦੇ ਧਾਲੀਵਾਲ ਕਾਦੀਆਂ ਦੇ ਪਿੰਡ ਵਿੱਚ ਸਰਪੰਚ, ਗੁਰੂ ਘਰ ਦੇ ਪ੍ਰਧਾਨ ਤੇ ਉਨ੍ਹਾ ਦੇ ਸਾਥੀਆਂ 'ਤੇ ਝੂਠਾ ਚੋਰੀ ਦਾ ਕੇਸ ਪਾਇਆ ਗਿਆ ਤੇ ਇੱਕ ਨੂੰ ਝੂਠੇ ਕੇਸ ਵਿੱਚ ਜ਼ੇਲ੍ਹ ਭੇਜਿਆ ਗਿਆ। ਮਜੀਠਾ ਤੇ ਲੁਧਿਆਣਾ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਮੌਤਾਂ ਹੋਈਆਂ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਸਪਾ ਸਮੂਹ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਪਾਰਟੀ ਦੀ 'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ, ਤਾਂ ਕਿ ਸਰਕਾਰ ਦੇ ਜ਼ਬਰ ਦਾ ਮੁਕਾਬਲਾ ਕੀਤਾ ਜਾ ਸਕੇ ਅਤੇ ਸੂਬੇ ਵਿੱਚ ਲੋਕ ਸ਼ਾਹੀ ਰਾਜ ਸਥਾਪਿਤ ਕੀਤਾ ਜਾ ਸਕੇ। ਇਸ ਮੌਕੇ 'ਤੇ ਬਸਪਾ ਆਗੂ ਜ਼ਿਲ੍ਹਾ ਗੁਰਦਾਸਪੁਰ ਬਸਪਾ ਪ੍ਰਧਾਨ ਜੇਪੀ ਭਗਤ, ਦੇਵ ਰਾਜ ਹੰਸ, ਕਸਤੂਰੀ ਲਾਲ, ਪ੍ਰਿੰਸੀਪਲ ਰਮੇਸ਼ ਕੁਮਾਰ, ਤਰਸੇਮ ਲਾਲ, ਸੂਬੇਦਾਰ ਬਿਸ਼ਨ ਸਿੰਘ, ਰਤਨ ਸਿੰਘ ਲਹਿਲ, ਬਸਪਾ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ, ਲਾਲ ਚੰਦ ਔਜਲਾ ਵੀ ਹਾਜ਼ਰ ਸਨ।

# ਮਾਤਾ ਸੁਖਦੇਵ ਕੌਰ ਨੂੰ ਅਨੇਕਾਂ ਸਖਸ਼ੀਅਤਾਂ ਨੇ ਦਿੱਤੀ ਸ਼ਰਧਾਂਜਲੀ

**ਤਲਵੰਡੀ ਸਾਬੋ, (ਪੱਤਰ ਪ੍ਰੇਰਕ)**

ਪਿਛਲੇ ਦਿਨੀਂ ਪੰਜਾਬੀ ਗੀਤ ਕਲਾ ਮੰਚ ਪੰਜਾਬ ਦੇ ਸਰਪ੍ਰਸਤ ਉਸਤਾਦ ਗੀਤਕਾਰ ਬਾਪੂ ਜਨਕ ਸੰਗਤ ਜੀ ਦੇ ਧਰਮ ਪਤਨੀ ਸੁਖਦੇਵ ਕੌਰ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ ਅੱਜ ਉਹਨਾਂ ਦੇ ਨਮਿੱਤ ਰੱਖੇ ਗਏ ਸਹਿਜ ਪਾਠ ਦੇ ਭੋਗ 'ਤੇ ਜਿੱਥੇ ਰਿਸ਼ਤੇਦਾਰਾਂ, ਸਾਕ ਸਬੰਧੀਆਂ, ਨਗਰ ਨਿਵਾਸੀਆਂ ਨੇ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਉੱਥੇ ਹੀ ਗੀਤਕਾਰ ਅਤੇ ਪੇਸ਼ਕਰਤਾ ਭਿੰਦਰ ਡੱਬਵਾਲੀ, ਕਵੀਸ਼ਰੀ ਵਿਕਾਸ ਮੰਚ ਤਲਵੰਡੀ ਸਾਬੋ ਦੇ ਉਸਤਾਦ ਕਵੀਸ਼ਰ ਰੇਵਤੀ ਪ੍ਰਸਾਦ ਸ਼ਰਮਾ ਜੀ ਅਤੇ ਉਸਤਾਦ ਕਵੀਸ਼ਰ ਦਰਸ਼ਨ ਸਿੰਘ ਭੰਮੇ ਜੀ, ਪੰਜਾਬੀ ਗੀਤ ਕਲਾ ਮੰਚ ਪੰਜਾਬ ਦੀ ਸਮੁੱਚੀ ਕਮੇਟੀ, ਗੀਤਕਾਰ ਹਰਦੇਵ ਹਮਦਰਦ ਜੀ, ਗੀਤਕਾਰ ਸੁਖਚੈਨ ਸਿੰਘ ਚੰਦ ਨਵਾਂ, ਕਵੀ ਤੇ ਗੀਤਕਾਰ ਜਸਵੰਤ ਗਿੱਲ ਸਮਾਲਸਰ, ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ ਦੇ ਗੀਤਕਾਰ ਬਲਦੇਵ ਸਿੰਘ ਇਕਵੰਨ, ਗ਼ਜ਼ਲ ਉਸਤਾਦ ਬਿੱਕਰ ਸਿੰਘ ਵਿਜੋਗੀ, ਕੁਲਵੰਤ ਸਰੋਤਾ ਜੀ, ਗੀਤਕਾਰ



ਪ੍ਰਿਤਪਾਲ ਮਲਕਾਣਾ, ਇਹਨਾਂ ਤੋਂ ਇਲਾਵਾ ਗੀਤਕਾਰ ਗੁਰਤੇਜ਼ ਸਿੰਘ ਮੱਖਣ, ਗੀਤਕਾਰ ਗੋਬਿੰਦ ਸਿੰਘ ਤੂਰ ਵਣਜਾਰਾ, ਭਗਤ ਸਿੰਘ, ਅਵਤਾਰ ਸਿੰਘ ਬਾਹੀਆ, ਲਖਵਿੰਦਰ ਕੌਰ ਪਿੰਕੀ, ਸਰਬਜੀਤ ਕੌਰ ਸਹੋਤਾ, ਅਤੇ ਹੋਰ ਵੀ ਕਈ ਸਾਹਿਤਕ ਅਤੇ ਰਾਜਨੀਤਿਕ ਹਸਤੀਆਂ ਨੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕੀਤਾ। ਇਸ ਤੋਂ ਇਲਾਵਾ ਸ਼ੋਕ ਸੰਦੇਸ਼ ਪ੍ਰਿੰਸੀਪਲ ਸੁਰਿੰਦਰ ਸਿੰਘ ਗਿੱਲ ਅਮਰੀਕਾ,ਸ਼੍ਰੀ ਤਿਲਕ ਰਾਜ ਜੀ ਸੰਪਾਦਕ ਸੱਚ ਕਹੂੰ ਸਿਰਸਾ,ਹਰਬੰਸ ਸਿੰਘ ਸੰਧੂ ਸਾਬਕਾ ਡਿਪਟੀ ਡੀ.ਪੀ.ਆਈ, ਹਰਬੰਸ ਸਿੰਘ ਮੰਡੇਰ ਸਰਪੰਚ ਕਨੇਡਾ,ਪ੍ਰੋ.ਕੌਰ ਸਿੰਘਅਮਰੀਕਾ,ਗੀਤਕਾਰ ਨਿਰਮਲ ਦਿਉਲ ਮਲੋਟ,ਪ੍ਰਧਾਨ ਗੀਤ ਕਲਾ ਮੰਚ ਅਤੇ ਮੈਂਬਰ ਸਹਿਬਾਨ,ਪੋਤਰੀ ਗਗਨਦੀਪ ਕੌਰ ਕਨੇਡਾ,ਰਹਿਮਤਵੀਰ ਸਿੰਘ ਕਨੇਡਾ,ਜਗਰੂਪ ਝੁਨੀਰ ਜੁਝਾਰੂ ਗੀਤਕਾਰ ਅਤੇ ਗਾਇਕ। ਇਸ ਤੋਂ ਇਲਾਵਾ ਪਹੁੰਚੀਆਂ ਹਸਤੀਆਂ ਪ੍ਰਸਿੱਧ ਗੀਤਕਾਰ ਅਤੇ ਪੇਸ਼ਕਰਤਾ ਭਿੰਦਰ ਡੱਬਵਾਲੀ, ਗੁਰਤੇਜ ਸਿੰਘ ਸਿੱਧੂ, ਸਰਦਾਰ ਜਨਕ ਸਿੰਘ ਸਾਬਕਾ ਡੀ ਐੱਸ ਪੀ ਵਿਜੀਲੈਂਸ ਬਠਿੰਡਾ, ਰਣਜੀਤ ਮਲਕਾਣਾ ਤਲਵੰਡੀ ਸਾਬੋ, ਕੁਲਵਿੰਦਰ ਮਹਿਤਾ ਮੌਜੂਦਾ ਐੱਮ ਸੀ ਮਾਨਸਾ,ਰੇਵਤੀ ਪ੍ਰਸ਼ਾਦ ਉਸਤਾਦ ਕਵੀਸ਼ਰ ਤਲਵੰਡੀ ਸਾਬੋ,ਦਰਸ਼ਨ ਸਿੰਘ ਭੰਮੇਂ ਉਸਤਾਦ ਕਵੀਸ਼ਰ,ਸਤਿੰਦਰ ਸਿੰਘ ਪ੍ਰਧਾਨ ਬਾਰ ਐਸੋਸੀਏਸ਼ਨ,ਤਲਵੰਡੀ ਸਾਬੋ, ਪਿੰਸੀਪਲ ਗੁਰਦੀਪ ਸਿੰਘ ਤਿਉਣਾ ਪੁਜਾਰੀਆਂ, ਪ੍ਰੋ.ਬਲਜੀਤ ਸਿੰਘ ਜੌਗਰਾਫੀ,ਬਠਿੰਡਾ,ਰਵੀ ਸਿੱਧੂ ਅਕਾਲੀ ਦਲ, ਸ.ਬਲਜੀਤ ਸਿੰਘ ਐਡਵੋਕੇਟ ਮੰਡੀ ਡੱਬਵਾਲੀ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਸਭਾ ਦੇ ਸਥਾਪਨਾ ਦਿਵਸ ’ਤੇ ਪੰਜਾਬੀ ਭਾਸ਼ਾ ਬਾਰੇ ਸੈਮੀਨਾਰ ਕਰਵਾਉਣ ਦਾ ਫ਼ੈਸਲਾ





ਮਿੱਤਰ ਸੈਨ ਮੀਤ

**ਸੰਗਰੂਰ (ਰਮੇਸ਼ਵਰ ਸਿੰਘ )** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੀ ਵਿਸ਼ੇਸ਼ ਇਕੱਤਰਤਾ ਲੇਖਕ ਭਵਨ ਸੰਗਰੂਰ ਵਿਖੇ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ 22 ਜੂਨ ਨੂੰ ਮਨਾਏ ਜਾ ਰਹੇ ਸਭਾ ਦੇ ਸਥਾਪਨਾ ਦਿਵਸ ’ਤੇ ‘ਪੰਜਾਬੀ ਸਾਹਿਤ ਨੂੰ ਸਾਹਿਤ ਸਭਾਵਾਂ ਦੀ ਦੇਣ’ ਵਿਸ਼ੇ ’ਤੇ ਸੈਮੀਨਾਰ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਵਿਸ਼ਾਲ ਸੈਮੀਨਾਰ ਵਿੱਚ ਸਿਰਮੌਰ ਪੰਜਾਬੀ ਨਾਵਲਕਾਰ ਅਤੇ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੇ ਸੰਚਾਲਕ ਮਿੱਤਰ ਸੈਨ ਮੀਤ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣਗੇ। ਜ਼ਿਕਰਯੋਗ ਹੈ ਕਿ ਇਸ ਦਿਨ ਹੀ ਮਿੱਤਰ ਸੈਨ ਮੀਤ ਆਪਣੇ ਵੱਲੋਂ ਪਹਿਲੀ ਅਲਮਾਰੀ ਭੇਂਟ ਕਰਕੇ ਲੇਖਕ ਭਵਨ ਦੀ ਲਾਇਬ੍ਰੇਰੀ ਦਾ ਉ ਦ ਘ ਾ ਟ ਨ ਕਰਨਗੇ। ਇਕੱਤਰਤਾ ਵਿੱਚ ਸਭਾ ਵੱਲੋਂ ਇੱਕ ਸਾਂਝਾ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾਉਣ ਦਾ ਫ਼ੈਸਲਾ ਵੀ ਕੀਤਾ ਗਿਆ। ਇਸ ਸਾਂਝੇ ਕਾਵਿ-ਸੰਗ੍ਰਹਿ ਵਿੱਚ ਪ੍ਰਕਾਸ਼ਿਤ ਕਰਵਾਉਣ ਲਈ ਕਵੀ ਸਾਹਿਬਾਨ ਨੂੰ ਸਭਾ ਦੇ ਸਥਾਪਨਾ ਦਿਵਸ ਤੱਕ ਚਾਰ-ਚਾਰ ਰਚਨਾਵਾਂ ਅਤੇ ਸੰਖੇਪ ਜੀਵਨ ਵੇਰਵਾ ਪਹੁੰਚਦਾ ਕਰਨ ਲਈ ਕਿਹਾ ਗਿਆ। ਇਸ ਮੌਕੇ ਸ਼੍ਰੋਮਣੀ ਸੰਤ ਕਬੀਰ ਜੀ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਕਰਮ ਸਿੰਘ ਜ਼ਖ਼ਮੀ, ਰਾਜਿੰਦਰ ਸਿੰਘ ਰਾਜਨ, ਸੁਖਵਿੰਦਰ ਸਿੰਘ ਲੋਟੇ, ਸੁਰਜੀਤ ਸਿੰਘ ਮੌਜੀ, ਪਵਨ ਕੁਮਾਰ ਹੋਸ਼ੀ, ਗੁਰਮੀਤ ਸਿੰਘ ਸੋਹੀ, ਗੁਰਮੁੱਖ ਸਿੰਘ ਦਿਲਬਰ, ਨਿਰਮਲ ਸਿੰਘ, ਭੁਪਿੰਦਰ ਨਾਗਪਾਲ, ਮੁਲਖ ਰਾਜ ਲਹਿਰੀ, ਬਲਜਿੰਦਰ ਬੱਲੀ ਈਲਵਾਲ ਅਤੇ ਧਰਮਵੀਰ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਸੁਖਵਿੰਦਰ ਸਿੰਘ ਲੋਟੇ ਵੱਲੋਂ ਹਰ ਵਾਰ ਦੀ ਤਰ੍ਹਾਂ ਸਿੱਖਿਆਰਥੀਆਂ ਲਈ ਅਰੂਜ਼ ਸਬੰਧੀ ਕਲਾਸ ਲਗਾਈ ਗਈ। ਅੰਤ ਵਿਚ ਕਰਮ ਸਿੰਘ ਜ਼ਖ਼ਮੀ ਨੇ ਸਮੂੰਹ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਐਫ.ਸੀ. ਖਾਲਸਾ ਲੈਸਟਰ ਨੇ ਵਾਲਸਾਲ ਫੁਟਬਾਲ ਟੂਰਨਾਮੈਂਟ 2025 ਜਿੱਤਿਆ



FC KHALSA LEICESTER WINNERS OF WALSALL FOOTBALL TOURNAMENT 2025



FC KHALSA LEICESTER WINNERS UNDER 9 WALSALL TOURNAMENT 2025

**ਵਾਲਸਾਲ (ਸਮਾਜ ਵੀਕਲੀ)–** ਇਸ ਸਾਲ ਦਾ ਪਹਿੱਲਾ ਫੁੱਟਬਾਲ ਟੂਰਨਾਮੈਂਟ ਐਸਟਨ ਯੂਨੀਵਰਸਿਟੀ ਪਲੇਇੰਗ ਫੀਲਡਜ, ਬਰਮਿੰਘਮ ਰੋਡ, ਵਾਲਸਾਲ ਵਿਖੇ ਸਨਿ-ਚਰਵਾਰ 24 ਮਈ ਅਤੇ ਐਤਵਾਰ 25 ਮਈ ਨੂੰ ਸਵੇਰੇ 8.00 ਵਜੇ ਤੋਂ ਸ਼ਾਮ ਦੇ 6.00 ਵਜੇ ਵਾਲਸਾਲ ਏਸ਼ੀਅਨ ਸਪੋਰਟਸ ਅਸੋਸੀਏਸ਼ਨ ਅਤੇ ਖਾਲਸਾ ਫੁੱਟਬਾਲ ਫੈਡਰੇਸ਼ਨ ਦੇ ਸਿਹਯੋਗ ਨਾਲ ਕਰਵਾਇਆ ਗਿਆ ਜਿਸ ਵਿੱਚ ਤਕਰੀਬਨ 70 ਟੀਮਾ ਨੇ ਭਾਗ ਲਿਆ ਅਤੇ ਹਜਾਰਾਂ ਹੀ ਫੁੱਟਬਾਲ ਖੇਡ ਪ੍ਰੇਮੀਆਂ ਨੇ ਅਨੰਦ ਮਾਣਿਆ। ਪਰੈਮੀਅਰ ਡਿਵਿਯਨ ਦਾ ਫਾਈਨਲ ਲੈਸਟਰ ਦੀਆਂ ਜਾਣੀਆਂ ਪਿਹਛਾਣੀਆ ਬਹੁੱਤ ਹੀ ਵਧੀਆ ਫੁਟਬਾਲ ਖੇਡਣ ਵਾਲੀਆਂ ਟੀਮਾਂ ਜੀ.ਐਨ.ਜੀ ਲੈਸਟਰ ਅਤੇ ਐਫ.ਸੀ.ਖਾਲਸਾ ਲੈਸਟਰ ਵਿਚਕਾਰ ਐਤਵਾਰ 25 ਮਈ ਨੂੰ ਖੇਡਿਆ ਗਿਆ ਜਿਸ ਨੂੰ ਦੇਖਣ ਲਈ ਦੋਨਾ ਹੀ ਟੀਮਾਂ ਦੀਆਂ ਮੈਨਜਮਿੰਟ ਅਤੇ ਸਪੋਰਟਰਜ ਬਹੁੱਤ ਹੀ ਚਾਅ ਨਾਲ ਦੇਖਣ ਲਈ ਇਕੱਠੇ ਹੋਏ ਸੀ ਅਤੇ ਆਸ ਰੱਖਦੇ ਸੀ ਕਿ ਉਨ੍ਹਾ ਦੀ ਟੀਮ ਨੇ ਹੀ ਪ੍ਰੀਮੀਅਰ ਡਿਵਿਯਨ ਦਾ ਕੱਪ ਜਿੱਤਣਾ ਹੈ।

ਫਾਈਨਲ ਵਿੱਚ ਦੋਨੋ ਟੀਮਾ ਵਲੋਂ ਬਹੁੱਤ ਹੀ ਵਧੀਆ ਫੁੱਟਬਾਲ ਖੇਡਿਆ ਗਿਆ ਅਤੇ ਗੋਲ ਤੋਂ ਬਾਅਦ ਗੋਲ ਹੁੰਦੇ ਗਏ। ਦੇਖਣ ਵਾਲਿਆਂ ਨੇ ਅੱਠ ਗੋਲ ਹੁੰਦੇ ਦੇਖੇ। ਆਖੀਰ ਵਿੱਚ ਐਫ.ਸੀ.ਖਾਲਸਾ ਲੈਸਟਰ ਫਾਈਨਲ 5-3 ਤੇ ਜਿੱਤ ਗਈ। ਰੈਫਰੀ ਦੇ ਫਾਇਨਿਲ ਵਿਸਲ ਤੇ ਐਫ.ਸੀ.ਖਾਲਸਾ ਦੇ ਖਿਡਾਰੀ, ਸਪੋਰਟਰਜ ਅਤੇ ਮੈਨੇਜਮੈਂਟ ਸਾਰੇ ਹੀ ਇੱਕ ਦੂਜੇ ਨੂੰ ਘੁੱਟ ਘੁੱਟ ਕੇ ਜੱਫੀਆਂ ਪਾਉਣ ਲੱਗ ਪਏ ਅਤੇ ਨੱਚਣ ਟੱਪਣ ਲੱਗ ਪਏ।

ਐਫ.ਸੀ ਖਾਲਸਾ ਲੈਸਟਰ ਦੇ ਸਰਦਾਰ ਸੰਤੋਖ ਸਿੰਘ ਜੀ ਨੇ ਕਿਹਾ “ਇਸ ਟੂਰਨਾਮੈਂਟ ਵਿੱਚ ਬਹੁੱਤ ਹੀ ਉਚੇ ਮਿਆਰ ਦਾ ਫੁਟਬਾਲ ਖੇਡਿਆ ਗਿਆ ਅਤੇ ਐਫ.ਸੀ ਖਾਲਸਾ ਲੈਸਟਰ ਸੱਚ ਮੁੱਚ ਹੀ ਵਾਲਸਾਲ ਟੂਰਨਾਮੈਂਟ ਜਿੱਤਣ ਦੇ ਹੱਕਦਾਰ ਸਨ।“

ਬੱਚਿਆਂ ਅਤੇ ਨੌਜਵਾਨਾ ਦਾ ਫੁਟਬਾਲ

ਅੰਡਰ 8

ਨਨੀਟੰਨ 4

ਬਲੂ ਟਾਈਗਰਜ ਡਰਬੀ 1

ਤੀਜੇ ਨੰਬਰ ਨੌਟਿੰਘਮ ਸਿੱਖ ਲਾਓਨਜ

ਅੰਡਰ 9

ਨੌਟਿੰਘਮ ਸਿੱਖ ਲਾਓਨਜ 0

ਐਫ.ਸੀ.ਖਾਲਸਾ ਲ਼ੈਸਟਰ 2

ਤੀਜੇ ਨੰਬਰ ਜੀ.ਐਨ.ਜੀ ਲੈਸਟਰ ਫਾਲਕਨ

ਅੰਡਰ 11

ਸਿੰਘ ਸਭਾ ਸਲੋਅ 2

ਸਿੰਘ ਬਰੌਦਰਜ ਡਰਬੀ 0

ਤੀਜੇ ਨੰਬਰ ਬਲੂ ਟਾਈਗਰਜ ਡਰਬੀ

ਅੰਡਰ 13

ਜੀ.ਐਨ.ਜੀ ਲੈਸਟਰ ਈਗਲਜ 0

ਸਪੋਰਟਿੰਗ ਖਾਲਸਾ ਵਾਲਸਾਲ 4

ਤੀਜੇ ਨੰਬਰ ਸਮੈਦਿੱਕ ਰੇਡਰਜ

ਅੰਡਰ 17-18

1 ਜੀ.ਐਨ.ਜੀ.ਲੈਸਟਰ

2 ਸਮੈਦਿੱਕ ਰੇਡਰਜ

3 ਜੀ.ਐਨ.ਜੀ ਵਾਲਸਾਲ

ਕਈ ਸਾਲਾਂ ਤੋਂ ਫੁਟਬਾਲ ਟੂਰਨਮੈਂਟ ਵਿੱਚ ਖੇਡਦਾ ਆ ਰਿਹਾ ਹਰਜੀਵ ਸਿੰਘ ਜੀ ਨੇ ਆਪਣੇ ਵਿਚਾਰ ਦਿੰਦਿਆ ਹੋਇਆ ਕਿਹਾ “ ਮੈਂ ਟੂਰਨਾਮੈਂਟ ਦੇ ਦੋਨੋ ਹਿਸਿਆਂ ਵਿੱਚ ਭਾਗ ਲਿਆ । ਸੀਨੀਅਰ ਟੀਮ ਵਿੱਚ ਖੇਡਿਆ ਅਤੇ ਜੂਨੀਅਰ ਟੀਮ ਦਾ ਕੋਚ ਰਿਹਾ। ਹਮੇਸ਼ਾ ਦੀ ਤਰਾਂ ਵਾਲਸਾਲ ਫੁੱਟਬਾਲ ਟੂਰਨਾਮੈਂਟ ਬਹੁੱਤ ਹੀ ਕਾਮਯਾਬ ਰਿਹਾ।“

ਖਾਲਸਾ ਫੁਟਬਾਲ ਫੈਡਰੇਸ਼ਨ ਦੇ ਸਰਦਾਰ ਰਸ਼ਪਾਲ ਸਿੰਘ ਜੀ ਨੇ ਕਿਹਾ “ਵਾਲਸਾਲ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ ਜਿਨ੍ਹਾ ਨੇ ਬੇ-ਹੱਦ ਮਿਹਨਤ ਕਰਕੇ ਹਰ ਇੱਕ ਤਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ ਜਿਸ ਦਾ ਅਣਗਿਣਤ ਫੁਟਬਾਲ ਖੇਡ ਪ੍ਰੇਮੀਆ ਨੇ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਤੋਂ ਆ ਕੇ ਅਨੰਦ ਮਾਣਿਆ।“

REPORT: TARLOCHAN SINGH VIRK, CO ORDINATOR PUNJABI LISTENERS CLUB, LEICESTER,

RESULTS: KHALSA FOOTBALL FEDERATION KFF,

for more news visit:
www.samajweekly.com

# ਚੰਗੀ ਸਿਹਤ ਦਾ ਰਾਜ਼ – ਗੌਰਵ ਦੀ ਜ਼ੁਬਾਨੀ

**ਡਾ. ਜਾਰਜ ਸਿੰਘ**

ਅੱਜ ਅਲਸਬਰੀ HS2 ਦੀ ਜੌਬ ਤੇ ਦੂਜਾ ਹਫ਼ਤਾ ਸ਼ੁਰੂ ਹੋ ਗਿਆ ਸੀ। ਜਿਓਂ ਹੀ ਬ੍ਰੇਕ ਟਾਈਮ ਹੋਇਆ ਤਾਂ ਸਾਰੇ ਜਾਣਿਆ ਵਿੱਚ ਰੋਟੀ, ਸਬਜ਼ੀ ਗਰਮ ਕਰਨ ਦੀ ਹਫੜਾ ਦਫੜੀ ਜਿਹੀ ਪੈ ਗਈ । ਬੋਹਤੇ ਗੋਰੇ ਰੈਡੀਮੇਡ Tesco ਅਤੇ Siansbury ਤੋਂ ਖਰੀਦੇ ਭੋਜਨ ਨੂੰ ਬਗੈਰ ਦੁੱਧ ਦੇ ਕਾਲੀ ਕੌਫੀ ਨਾਲ ਖਾਣ ਵਿੱਚ ਮਸਰੂਫ ਹੋ ਗਏ । ਬੋਹਤੇ ਖਾਣ ਦੇ ਨਾਲ ਨਾਲ ਫੋਨ ਤੇ ਵੀ ਰੁੱਝੇ ਹੋਏ ਸਨ। ਖਾਣਾ ਖਾਣ ਦੇ ਨਾਲ ਨਾਲ ਫੋਨ ਵੇਖਣਾ ਯਾ ਫੋਨ ਕਰਨਾ ਸਾਡੀ ਸਿਹਤ ਲਈ ਹਾਨੀਕਾਰਕ ਹੁੰਦਾ ਏ, ਕਿਉਂਕਿ ਫੋਨ ਤੇ ਵੇਖੀ ਜਾ ਰਹੀ ਤਸਵੀਰ ਜਾਂ ਸਮੱਗਰੀ ਦੇ ਹਾਵ ਭਾਵ ਦਾ ਸਾਡੇ ਖਾਣ ਸਮੇਂ ਲੀਵਰ ਤੇ ਸਿੱਧਾ ਅਸਰ ਪੈਂਦਾ ਹੈ। ਸ਼ਾਇਦ ਇਸੇ ਕਰਕੇ ਸਾਡੇ ਵੱਡ ਵਡੇਰੇ ਖਾਣਾ ਖਾਣ ਸਮੇਂ ਬੋਲਣ ਤੇ ਵੀ ਪਾਬੰਦੀ ਲਾਉਂਦੇ ਸਨ। ਖਾਣਾ ਖਾਣ ਸਮੇਂ ਤੁਹ-ਾਡਾ ਸਾਰਾ ਧਿਆਨ ਸਿਰਫ ਭੋਜਨ ਵੱਲ ਹੀ ਹੋਣਾ ਚਾਹੀਦਾ ਹੈ। ਸਾਡੇ ਰੋਜ਼ਾਨਾ ਦੇ ਭੋਜਨ ਅਤੇ ਖਾਣ ਪਾਣ ਦੇ ਗਲਤ ਤਰੀਕਿਆਂ ਕਰਨ ਦੁਨੀਆ ਦੇ 90% ਲੋਕ ਲੀਵਰ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ। ਮੇਰੇ ਨਾਲ ਦੇ ਮੇਜ਼ ਤੇ ਚਾਰ ਪੰਜਾਬੀ ਮੁੰਡੇ ਰੋਟੀ ਖਾ ਰਹੇ ਸਨ। ਉਹਨਾਂ ਨੇ ਰੋਟੀਆਂ ਦੀਆਂ ਤਹਿਆਂ ਲਾ ਕੇ ਰੱਖੀਆਂ ਸਨ ਅਤੇ ਸਬਜ਼ੀਆਂ ਅਤੇ ਅੰਬ ਦੇ ਆਚਾਰ ਦੀਆਂ ਫਾੜੀਆਂ ਨਾਲ ਗੁੱਥਮ ਗੁੱਥਾ ਹੋ ਰਹੇ ਸਨ। ਇਹਨਾਂ ਵਿਚੋਂ ਇਕ ਸਿਆਣੀ ਉਮਰ ਦਾ ਲੱਗਦਾ ਸੀ, ਉਸਨੇ ਚਾਰ ਰੋਟੀਆਂ ਦੇ ਨਾਲ ਘਰ ਦੀ ਬਣਾਈ ਖੀਰ ਅਤੇ ਦਹੀਂ ਦਾ ਡੱਬਾ ਵੀ ਖੋਲ ਕੇ ਰੱਖਿਆ ਹੋਇਆ ਸੀ। ਮੈਂ ਧਿਆਨ ਨਾਲ ਵੇਖਿਆ ਤਾਂ ਦਹੀਂ ਵਿਚ ਤੜਕੇ ਨੁਮਾਂ ਕੱਚਾ ਪਿਆਜ਼, ਹਰੀਆਂ ਮਿਰਚਾਂ, ਮਸਾਲਾ ਅਤੇ ਹਰਾ ਧਨੀਆ ਵੀ ਪਾਇਆ ਹੋਇਆ ਸੀ। ਉਸਨੂੰ ਦਹੀਂ ਅਤੇ ਖੀਰ ਇਕੱਠੇ ਖਾਂਦਿਆਂ ਵੇਖ ਮੈਨੂੰ ਗੁਰਦੁਆਰੇ ਵਿੱਚ ਸੰਗਤ ਰੂਪੀ ਲੋਕਾਂ ਨੂੰ ਲਾਲਚ ਅਧੀਨ ਥਾਲੀਆਂ ਵਿੱਚ ਗੁਰਦੁਆਰੇ ਵਿੱਚ ਬਣੀਆਂ ਸਾਰੀਆਂ ਚੀਜ਼ਾਂ ਨੂੰ ਇੱਕੋ ਥਾਲੀ ਵਿੱਚ ਲੈ ਕੇ ਖਾਣੇ ਵੇਖਿਆ ਹੈ। ਇੱਕੋ ਥਾਲੀ ਵਿੱਚ ਵਿਭਿੰਨ ਕਿਸਮ ਦੀਆਂ ਸਾਰੀਆਂ ਸਬਜ਼ੀਆਂ, ਪਕੌੜੇ, ਦਹੀਂ ਅਤੇ ਖੀਰ ਨਾਲ ਚਾਹ ਨਾਲ ਵਰਤੀਆਂ ਜਾਣ ਵਾਲੀਆਂ ਮਿੱਠੀਆਂ ਚੀਜ਼ਾਂ ਜਿਵੇਂ ਬਰਫੀ, ਵੇਸਣ, ਗੁਲਾਬ ਜਾਮੁਨ, ਰਸਗੁੱਲੇ ਆਦਿ । ਇੱਕੋ ਥਾਲੀ ਵਿੱਚ ਸਾਰੀਆਂ ਖਾਣ ਵਾਲੀਆਂ ਵਸਤਾਂ ਅਤੇ ਦਹੀਂ ਦੇ ਨਾਲ ਮੁਫ਼ਤ ਵਿੱਚ ਮਿਲਦੀ ਖੀਰ ਵੀ ਲੋਕ ਚਾਅ ਨਾਲ ਖਾਂਦੇ ਹਨ ਪਰ ਇਹਨਾਂ ਬੋਹਤੇ ਮੂਰਖ ਮਤ ਪੇਟ ਪੂਜਕ ਲੋਕਾਂ ਨੂੰ ਦਹੀਂ ਅਤੇ ਖੀਰ ਦੇ ਇਕੱਠਿਆਂ ਖਾਣ ਨਾਲ ਲੀਵਰ ਵਿੱਚ ਜਨਮ ਲੈਂਦੀਆਂ ਬਿਮਾਰੀਆਂ ਦਾ ਗਿਆਨ ਨਹੀਂ ਹੁੰਦਾ। ਅੱਜਕਲ੍ਹ ਬੋਹਤੀ ਜਨਤਾ ਗੁਰੂ ਘਰ ਵਿੱਚ ਬਣੇ ਵੰਨ-ਸੁਵੰਨੇ ਖਾਣਿਆਂ ਨੂੰ ਲਾਲਚ ਅਧੀਨ ਖਾਣ ਜਾਂਦੇ ਹਨ ਪਰ ਮੱਥਾ ਟੇਕਣ ਲਈ ਘਰੋਂ ਵਾਧੂ ਪਏ ਸਿੱਕੇ ਦੁਆਨੀਆਂ, ਚੁਆਨੀਆਂ, ਵੀਹ ਪੈਂਸ, ਪੰਜਾਹ ਪੈਂਸ ਦੇ ਸਿੱਕੇ ਜੇਬ ਵਿੱਚ ਪਾ ਲੈਂਦੇ ਹਨ । ਅਜਿਹੇ ਪੇਟੂਆਂ ਦਾ ਗੁਰੂ ਸ਼ਬਦ ਨਾਲ ਜਾਂ ਲੰਗਰ ਵਿੱਚ ਸੇਵਾ ਕਰਨ ਨਾਲ ਕੋਈ ਵਾਹ ਵਾਸਤਾ ਨਹੀਂ ਹੁੰਦਾ । ਇੰਗਲੈਂਡ ਵਿੱਚ ਵੱਖ ਵੱਖ ਥਾਵਾਂ ਤੇ ਵੇਖਣ ਵਿੱਚ ਆਇਆ ਹੈ ਕਿ ਗੁਰੂ ਗੁਰਾਂ ਦੇ ਨੇੜੇ ਰਹਿਣ ਵਾਲੇ ਬੋਹਤੀ ਆਲਸੀ ਅਤੇ ਨਲਾਇਕ ਸ਼ਾਮ ਸਵੇਰੇ ਲੰਗਰ ਦਾ ਵਕਤ ਨਹੀਂ ਖੁੰਝਣ ਦਿੰਦੇ ਪਰ ਨਿਤਨੇਮ ਜਾਂ ਰਹਿਰਾਸ ਸਾਹਿਬ ਦੇ ਪਾਠ ਦੇ ਵਕਤ ਨਾਲ ਉਹਨਾਂ ਦਾ ਵਾਹ ਵਾਸਤਾ ਵੀ ਨਹੀਂ ਹੁੰਦਾ । ਗੁਰੂ ਘਰ ਵਿਚ ਭੋਜਨ ਦੀ ਅਵਸਥਾ ਲੋੜਵੰਦਾਂ ਲਈ ਸੀ। ਅੱਜਕਲ ਬੋਹਤੇ ਗੁਰੂ ਘਰਾਂ ਵਿਚ ਲੋੜਵੰਦ ਵਿਦਿਆਰਥੀਆਂ ਨੂੰ ਸ਼ਾਮ ਸਵੇਰੇ ਭੋਜਨ ਖਾਣ ਦੀ ਅਨੁਮਤੀ ਦੇ ਨਾਲ ਨਾਲ ਸਵੇਰੇ ਕੰਮ ਤੇ ਲੈਕੇ ਜਾਣ ਦੀ ਵੀ ਪ੍ਰਵਾਨਗੀ ਹੈ । ਗੁਰੂ ਘਰਾਂ ਵਿੱਚ ਅਜਿਹੇ ਵਿਧਿਆਰਥੀਆਂ ਨੂੰ ਮਿਲਣ ਤੇ ਪਤਾ ਲੱਗਾ ਕਿ ਗੁਰਦੁਆਰਿਆਂ ਵਿਚ ਬੋਹਤੇ ਬਜ਼ੁਰਗ ਬੰਦੇ ਅਤੇ ਬੀਬੀਆਂ ਜਿਨ੍ਹਾਂ ਦੀ ਘਰਾਂ ਵਿਚ ਕੋਈ ਪੁੱਛ ਦੱਸ ਨਹੀਂ ਉਹ ਗੁਰੂਦਵਾਰਿਆਂ ਵਿਚ ਆ ਕੇ ਆਪਣੀ ਹਉਮੈ ਨੂੰ ਹਰੇ ਪੱਠੇ ਪਾਉਂਦੇ ਹਨ ਅਤੇ ਅਜਿਹੇ ਵਿਦਿਆਰਥੀ ਜਿਹੜੇ ਵਿਚਾਰੇ ਲੋੜਵੰਦ ਹੁੰਦੇ ਹਨ ਉਹਨਾਂ ਨੂੰ ਰੋਟੀ ਸਬਜ਼ੀ ਦੇਣ ਸਮੇਂ ਬੇਇੱਜ਼ਤੀ ਕਰਨੀ ਜਾਂ ਤਿਰਸਕਾਰ ਨਾਲ ਵੇਖਣਾ ਆਮ ਜਿਹੀ ਗੱਲ ਬਣ ਗਈ ਹੈ । ਮਹੀਨਾ ਕੁ ਪਹਿਲਾਂ ਲੰਡਨ ਦੇ ਇਕ ਗੁਰਦੁਆਰੇ ਦੇ ਨਲਾਇਕ ਪ੍ਰਬੰਧਕਾਂ ਵੱਲੋਂ ਰੋਜ਼ਾਨਾ ਸ਼ਾਮ ਸਵੇਰੇ ਰੋਟੀ ਖਾਣ ਆਉਂਦੇ ਵਿਦਿਆਰਥੀਆਂ ਨੂੰ ਲੋਕਲ ਪੁਲਿਸ ਕੋਲ ਫੜਵਾ ਦਿੱਤਾ ਗਿਆ। ਗੁਰਦੁਆਰਿਆਂ ਵਿੱਚ



ਬਹੁਤੇ ਪ੍ਰਬੰਧਕ ਸਨਕੀ, ਜਾਤ ਪਾਤ ਦਾ ਝੰਡਾ ਬੁਲੰਦ ਕਰਨ ਵਾਲੇ ਹੁੰਦੇ ਨੇ ਅਤੇ ਜਿਨ੍ਹਾਂ ਦੀ ਘਰ ਵਿੱਚ ਕੋਈ ਪੁੱਛ ਦੱਸ ਨਹੀਂ ਉਹ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੀ ਟੀਮ ਦਾ ਹਿੱਸਾ ਬਣ ਜਾਂਦੇ ਹਨ। ਪੰਜਾਬੀ ਲੋਕਾਂ ਦੀ ਬਿਮਾਰ ਮਾਨਸਿਕਤਾ ਕਾਰਨ ਉਹ ਪੱਛਮੀ ਮੁਲਕਾਂ ਵਿੱਚ ਆ ਤਾਂ ਗਏ ਹਨ ਪਰ ਜਾਤਾਂ ਪਾਤਾਂ ਅਤੇ ਜੱਟਵਾਦ ਦੀ ਸੰਸਕਾਰਾਂ ਵਿੱਚ ਮਿਲੀ ਬਿਮਾਰੀ ਨਾਲ ਲੈ ਆਏ ਹਨ। ਤੁਹਾਨੂੰ ਅੱਜ ਜੱਟ ਸਿੱਖਾਂ, ਮਜ਼੍ਹਬੀ ਸਿੱਖਾਂ, ਚਮਾਰ ਸਿੱਖਾਂ, ਅਰੋੜੇ ਸਿੱਖਾਂ, ਲੁਬਾਣੇ ਸਿੱਖਾਂ, ਰਾਮਗੜ੍ਹੀਆ ਸਿੱਖਾਂ ਦੇ ਗੁਰਦੁਆਰੇ ਤਾਂ ਮਿਲ ਜਾਣਗੇ ਪਰ ਗੁਰੂ ਨਾਨਕ ਦਾ ਗੁਰੂ ਘਰ ਭਾਵ ਗੁਰੂ ਨਾਨਕ ਦਾ ਗੁਰਦੁਆਰਾ ਬਾਰਾਂ ਬਾਰਾਂ ਕੋਹ ਤੇ ਨਹੀਂ ਮਿਲੇਗਾ। ਅਸੀਂ ਪੰਜਾਬੀ ਇੰਨੇ ਕਮੀਨੇ ਅਤੇ ਜਾਤਾਂ ਪਾਤਾਂ ਵਿੱਚ ਵੰਡੇ ਹੋਏ ਹਾਂ ਕਿ ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫੀ ਨੂੰ ਸਮਝ ਹੀ ਨਹੀਂ ਸਕੇ। ਅੱਜ ਦਾ ਸਿੱਖ ਮੀਟ ਆਂਡਾ ਖਾਈਏ ਜਾਂ ਨਾ ਦੇ ਚੱਕਰ ਵਿੱਚ ਹੀ ਫਸ ਕੇ ਰਹਿ ਗਿਆ ਏ।

ਮੇਰੇ ਸੱਜੇ ਪਾਸੇ ਇਕ ਪੰਜਾਬੀ ਖਾਣਾ ਖਾ ਰਿਹਾ ਸੀ। ਮੈਂ ਉਹਦੇ ਖਾਣੇ ਨੂੰ ਵੇਖ ਕੇ ਪਹਿਲਾਂ



ਤਾਂ ਅਚੰਭਿਤ ਹੋਇਆ ਅਤੇ ਫਿਰ ਉਠ ਕੇ ਉਹਦੇ ਮੇਜ਼ ਨਾਲ ਲੱਗੀਆਂ ਕੁਰਸੀਆਂ ਤੇ ਜਾ ਬੈਠਾ । ਮੈਂ ਕਦੇ ਉਸ ਪਲੇਟ ਵੱਲ ਧਿਆਨ ਮਾਰਦਾ ਅਤੇ ਕਦੇ ਦੂਜੇ ਪਾਸੇ ਚਾਰ ਪੰਜਾਬੀ ਜਿਹੜੇ ਰੋਟੀਆਂ ਦੀਆਂ ਤਿਹੀਆਂ, ਸਬਜ਼ੀਆਂ, ਦਾਲਾਂ, ਦਹੀਂ ਅਤੇ ਖੀਰ ਨਾਲ ਆਖ ਮਿਚੋਲੀ ਖੇਡ ਰਹੇ ਸਨ । ਮੈਂ ਉਸ ਬਾਈ ਨੂੰ ਪੁੱਛੇ ਬਿਨਾ ਨਾ ਰਹਿ ਸਕਿਆ। ਉਸਨੂੰ ਪੁੱਛਣ ਤੇ ਪਤਾ ਲੱਗਿਆ ਕੇ ਉਸਦਾ ਨਾਮ ਗੌਰਵ ਹੈ ਅਤੇ ਉਸਦਾ ਪਿਛੋਕੜ ਅੰਮ੍ਰਿਤਸਰ ਦਾ ਹੈ । ਉਸਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਹੈਲਥ ਇੰਸਪੈਕਟਰ ਦਾ ਕੋਰਸ ਵੀ ਕੀਤਾ ਹੋਇਆ ਏ । ਉਹ ਵੇਖਣ ਤੋ ਪੱਚੀ ਤੀਹ ਸਾਲ ਦੇ ਦਰਮਿਆਨ ਦਾ ਲੱਗਦਾ ਸੀ ਪਰ ਉਸਨੇ ਆਪਣੀ ਉਮਰ ਪੰਤਾਲੀ ਸਾਲ ਦੱਸੀ। ਮੈਂ ਉਹਨੂੰ ਉਸਦੀ ਚੰਗੀ ਸਿਹਤ ਦਾ ਰਾਜ਼ ਪੁੱਛਿਆ ਤਾਂ ਉਸਨੇ ਬੋਲਣ ਦੀ ਬਜਾਏ ਆਪਣੀ ਇਕੱਲੀ ਪਲੇਟ ਅਤੇ ਨਾਲ ਦੇ ਮੇਜ਼ ਵਾਲੇ ਪੰਜਾਬੀਆਂ ਦੇ ਰੋਟੀਆਂ, ਸਬਜ਼ੀਆਂ, ਅਚਾਰ, ਚਟਨੀ, ਦਹੀਂ ਅਤੇ ਖੀਰ ਵੱਲ ਇਸ਼ਾਰਾ ਕੀਤਾ। ਗੌਰਵ ਨੇ ਇਸ਼ਾਰੇ ਨਾਲ ਨਾ ਬੋਲਣ ਦਾ ਇਸ਼ਾਰਾ ਕੀਤਾ ਤਾਂ ਮੈਂ ਝੱਟ ਹੀ ਸਮਝ ਗਿਆ । ਮੈਂ ਉਸ ਵੱਲੋਂ ਖਾਦੇ ਜਾ ਰਹੇ ਖਾਣੇ ਬਾਰੇ ਪੁੱਛਿਆ ਤਾਂ ਉਹ ਦੱਸਣ ਲੱਗ ਪਿਆ। ਉਹ ਰਾਤ ਨੂੰ ਓਟਸ ਨੂੰ ਇਕ ਫੂਡ ਵਾਲੇ ਟਿਫ਼ਨ ਵਿਚ ਪਾ ਕੇ ਉਸਨੂੰ ਗਰਮ ਜਾਂ ਕੱਚੇ ਦੁੱਧ ਵਿਚ ਮਿਕਸ ਕਰ ਲੈਂਦਾ ਏ। ਓਟਸ ਨੂੰ ਦੁੱਧ ਵਿਚ ਮਿਕਸ ਕਰਕੇ ਉਸ ਵਿਚ ਵਿਭਿੰਨ ਕਿਸਮ ਬੀਜਣ ਨੂੰ ਮਿਕਸ ਕਰਦਾ ਹੈ ਜਿਵੇਂ ਪੰਪਕਿਨ ਸੀਡ, ਫਲੈਕਸ ਸੀਡ, ਚਿਆ ਸੀਡ, ਬਾਮਜੀਲ ਨਟ, ਪ੍ਰੋਟੀਨ ਪਾਊਡਰ, ਦੋ ਵਧੀਆ ਕਿਸਮ ਦੀਆਂ ਖਜੂਰਾਂ, ਸਵਾਦ ਅਨੁਸਾਰ ਹਰੀ ਇਲਾਇਚੀ ਪਾਊਡਰ ਅਤੇ ਕੁੱਜ ਕੁ ਪਸੰਦ ਅਨੁਸਾਰ ਫਲ ਵੀ ਕੱਟ ਕੇ ਓਟਸ ਵਿੱਚ ਪਾ ਕੇ ਮਿਕਸ ਕਰ ਲੈਂਦਾ ਏ । ਸਵੇਰੇ ਪਹਿਲੀ ਬ੍ਰੇਕਫਾਸਟ ਵਾਲੀ ਬ੍ਰੇਕ ਵਿੱਚ ਉਹ ਓਟਸ ਵਾਲੇ ਟਿਫ਼ਨ ਨੂੰ ਬੜੇ ਧਿਆਨ ਨਾਲ ਖਾਂਦਾ ਹੈ । ਗੌਰਵ ਖਾਨ ਸਮੇਂ ਫੋਨ ਨੂੰ ਬੰਦ ਕਰ ਦੇਂਦਾ ਏ, ਦੂਜੀ ਬ੍ਰੇਕ ਵਿੱਚ ਹਲਕਾ ਜਿਹਾ ਫਰੂਟ ਅਤੇ ਬਲੈਕ ਕੌਫੀ ਦਾ ਸ਼ੌਕੀਨ ਹੈ । ਪੁੱਛਣ ਤੇ ਗੌਰਵ ਨੇ ਦੱਸਿਆ ਕਿ ਉਹ ਰਾਤ ਦਾ ਖਾਣਾ ਨਹੀਂ ਖਾਂਦਾ ਸਿਰਫ ਸਲਾਦ ਅਤੇ ਇੱਕ ਚਮਚ olive virgin oil ਬੜੇ ਸ਼ੌਕ ਨਾਲ ਖਾਂਦਾ ਏ । ਰਾਤ ਵੇਲੇ ਕੋਸੇ ਪਾਣੀ ਨਾਲ ਇਕ ਚਮਚ olive virgin oil ਉਹ ਕਦੀ ਨਹੀਂ ਭੁੱਲਦਾ। ਗੌਰਵ ਬਾਜ਼ਾਰੂ ਪੀਜ਼ਿਆਂ ਜਾਂ ਜੰਕ ਫੂਡ ਤੋਂ ਕੋਹਾਂ ਦੂਰ ਰਹਿੰਦਾ ਏ । ਗੌਰਵ ਨੇ ਗੱਲਬਾਤ ਦੌਰਾਨ ਦੱਸਿਆ ਕਿ ਜੰਕ ਫੂਡ ਦੀ ਖਾਸ ਕਰਕੇ ਪੀਜ਼ਾ ਸਾਡੀ ਉਮਰ ਘਟਾਉਂਦਾ ਏ । ਗੌਰਵ ਨੇ ਦੱਸਿਆ ਕਿ ਉਹ ਸਾਦਾ ਸ਼ੁੱਧ ਪਾਣੀ ਅਤੇ ਹੱਥੀਂ ਬਣਾਏ ਓਟਸ, ਫਰੂਟ ਅਤੇ ਹਰੀਆਂ ਸਬਜ਼ੀਆਂ, ਸਲਾਦ ਹੀ ਪਸੰਦ ਕਰਦਾ ਏ । ਗੌਰਵ ਕਦੇ ਕਤਾਈਂ Rusisan vodka ਵੀ ਪਸੰਦ ਕਰਦਾ। ਵਰਜ਼ਿਸ਼, ਜਿਮ ਅਤੇ ਸ਼ਓਟ੍ਰਦਓ ਸ਼ੁਨਦਓ ਉਹ ਗਰਾਊਂਡ ਵਿੱਚ ਵਰਜ਼ਿਸ਼ ਕਰਦਾ ਅਤੇ ਘੋੜੇ ਦੀ ਰੇਬੀਆ ਚਾਲ ਚੱਲਦਾ ਅਕਸਰ ਹੀ ਮਿਲ ਜਾਂਦਾ ਹੈ । ਗੌਰਵ ਕੱਚੇ ਗੋਂਗਲੂਆਂ ਭਾਵ ਸ਼ਲਗਮ ਬੜੇ ਚਾਅ ਨਾਲ ਖਾਂਦਾ ਹੈ। ਉਸਨੇ ਦੱਸਿਆ ਕਿ ਉਹ ਜ਼ਿਆਦਾਤਰ ਕੱਚੀਆਂ ਸਬਜ਼ੀਆਂ ਖਾਣੀਆਂ ਪਸੰਦ ਕਰਦਾ ਏ । ਬ੍ਰੇਕ ਦਾ ਟਾਈਮ ਵੀ ਖ਼ਤਮ ਹੋ ਚੱਲਿਆ ਸੀ । ਗੌਰਵ ਨੇ ਫੇਰ ਮਿਲਣ ਦਾ ਵਾਅਦਾ ਕਰਕੇ ਆਪਣਾ ਫੋਨ ਲਿਆ ਤੇ ਉੱਠ ਕੇ ਚਲਾ ਗਿਆ । ਮੈਂ ਪੰਜਾਬੀ ਗਵਾਂਢੀਆਂ ਦੇ ਮੇਜ਼ ਵੱਲ ਵੇਖਿਆ ਤਾਂ ਇੱਕ ਪੰਜਾਬੀ ਜੋ ਵੇਖਣ ਪਾਖਣ ਤੋਂ ਸਿਆਣੀ ਉਮਰ ਦਾ ਲੱਗਦਾ ਸੀ, ਉਂਗਲਾਂ ਨਾਲ ਖੀਰ ਵਾਲੀ ਕੌਲੀ ਚੱਟੀ ਜਾ ਰਿਹਾ ਸੀ । ਮੈਨੂੰ ਗੌਰਵ ਤੁਰਿਆ ਜਾਂਦਾ ਭਾਗਵਟੀ ਦਾ ਗ੍ਰੰਥ ਲੱਗਿਆ ਅਤੇ ਉਸਦੇ ਸ਼ਬਦ ਕਣਕ ਵਿਚਲੀ ਸ਼ੂਗਰ ਨੂੰ ਨਫ਼ਰਤ ਅਤੇ ਵੰਨ ਸੁਵੰਨੇ ਮਿਲੇਟ ਗ੍ਰੇਨ, ਬਾਜਰਾ, ਰਾਗੀ, ਜੌਂਅ, ਮੱਕੀ, ਹਰੀਆਂ ਸਬਜ਼ੀਆਂ, ਸਲਾਦ, ਅਤੇ virgin olive oil ਗੜਗੱਜਾਂ ਪਾ ਰਹੇ ਸਨ ।



**ਡਾ. ਜਾਰਜ ਸਿੰਘ**

# ਪੰਜਾਬ ਸਰਕਾਰ ਅੱਤਵਾਦੀਆ ਨੂੰ ਖੁੱਲ ਦੇ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੀ ਹੈ: ਹਰਬਲਾਸ ਬਸਰਾ

**ਬੰਗਾ (ਚਰਨਜੀਤ ਸੱਲ੍ਹਾਂ )** ਅੱਜ ਪੰਜਾਬ ਸਰਕਾਰ ਅੱਤਵਾਦੀਆ ਨੂੰ ਖੁੱਲ ਦੇ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੀ ਹੈ ਜਿਵੇਂ ਕਿ ਪੰਜਾਬ ਵਿੱਚ ਮਾਹੌਲ ਇੰਨਾ ਜ਼ਿਆਦਾ ਖ਼ਰਾਬ ਹੈਂ ਕਿ ਕੋਈ ਵੀ ਇਨਸਾਨ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦਾ ਕਿਉਂਕਿ ਉਸ ਨੂੰ ਪਤਾ ਨਹੀਂ ਹੈ ਕਿ ਉਸ ਨੇ ਆਪਣੇ ਘਰ ਵਾਪਸ ਆਉਣਾ ਹੈ ਕਿ ਨਹੀਂ ਆਉਣਾ ਜਿਸ ਦੀਆਂ ਤਾਜ਼ਾ ਮਿਸਾਲਾਂ ਪਿੰਡ ਮੇਹਲੀ ਅਤੇ ਭੌਰਾ ਪਿੰਡ ਦੀਆਂ ਹਨ ਹੋਰ ਚੋਰੀ ਡਕੈਤੀ ਲੁੱਟਾ ਖੋਹਾਂ ਆਮ ਹੋ ਗਈਆਂ ਹਨ ਇਹ ਸ਼ਬਦ



ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ ਬਸਪਾ ਨੇ ਅੱਜ ਸਾਡੇ ਦਫ਼ਤਰ ਵਿੱਚ ਕਹੇ ਉਨ੍ਹਾਂ ਕਿਹਾ ਕਿ ਰੋਜ਼ਗਾਰ ਨਾ ਮਿਲਣ ਕਰਕੇ ਹੀ ਇਸ ਤਰ੍ਹਾਂ ਦੇ ਕੰਮ ਹੁੰਦੇ ਹਨ। ਉਹਨਾਂ ਦੇ ਨਾਲ ਹਰਜਿੰਦਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ ਬੰਗਾ ਅਤੇ ਅਸ਼ੋਕ ਕੁਮਾਰ ਖੋਥੜਾ ਉਪ ਪ੍ਰਧਾਨ ਬਸਪਾ ਹਲਕਾ ਬੰਗਾ ਵੀ ਸਨ।

# ਸਰੀ ਦੇ ਫਿਊਜ਼ਨ ਮੇਲੇ ਚ ਮਿਸ ਪੂਜਾ ਅਤੇ ਗੀਤਾ ਜੈਲਦਾਰ ਵੱਲੋਂ ਲਗਾਈ ਜਾਵੇਗੀ ਗੀਤਾਂ ਦੀ ਛਹਿਬਰ

## ਹੋਰਨਾ ਦੇਸ਼ਾਂ ਦੇ ਕਲਾਕਾਰ ਵੀ ਕਰਨਗੇ ਸ਼ਿਰਕਤ

**ਵੈਨਕੂਵਰ ,ਜੂਨ (ਮਲਕੀਤ ਸਿੰਘ )**-ਗਰਮੀਆਂ ਦੇ ਮੌਸਮ ਚ ਸਰੀ ਦੇ ਹਾਲੈਂਡ ਪਾਰਕ ਚ ਕਰਵਾਏ ਜਾਣ ਵਾਲੇ ਫਿਊਜ਼ਨ ਮੇਲੇ ਚ ਪੰਜਾਬ ਦੀ ਪ੍ਰਸਿੱਧ ਲੋਕ ਗਾਇਕਾ ਮਿਸ ਪੂਜਾ ਅਤੇ ਉੱਘੇ ਪੰਜਾਬੀ ਗਾਇਕ ਗੀਤਾ ਜੈਲਦਾਰ ਆਪਣੇ ਚੋਣਵੇਂ ਗੀਤਾਂ ਦੇ ਛਹਿਬਰ ਲਗਾ ਕੇ ਹਾਜ਼ਰ ਲੋਕਾਂ ਦਾ ਮਨੋਰੰਜਨ ਕਰਨਗੇ ਜਿਕਰਯੋਗ ਹੈ ਕਿ ਪਿਛਲੇ ਸਾਲ ਇਸ ਮੇਲੇ ਚ ਗੋਲਡਨ ਸਟਾਰ ਮਲਕੀਤ ਸਿੰਘ ਵੱਲੋਂ ਆਪਣਾ ਪ੍ਰੋਗਰਾਮ ਪੇਸ਼ ਕੀਤਾ ਗਿਆ ਸੀ। 19 - 20 ਜੁਲਾਈ ਨੂੰ ਸਵੇਰੇ 11 ਵਜੇ ਤੋਂ ਰਾਤ 10 ਵਜੇ ਤੱਕ ਕਰਵਾਏ ਜਾਣ ਵਾਲੇ ਇਸ 18ਵੇਂ ਮੇਲੇ ਚ ਵੱਖ-ਵੱਖ ਦੇਸ਼ਾਂ ਦੇ ਭਾਈਚਾਰਿਆਂ ਵਲੋ ਆਪੋ ਆਪਣੇ ਦੇਸ਼ਾਂ ਦੀਆਂ ਸੱਭਿਆਚਾਰਕ ਵੰਨਗੀਆਂ ਨੂੰ ਪੇਸ਼ ਕਰਨ ਲਈ ਲਗਾਈਆਂ ਜਾਣ ਵਾਲੀਆਂ ਅੱਠ ਸਟੇਜਾਂ ਤੋਂ ਦੂਸਰੇ ਦੇਸ਼ਾਂ ਦੇ ਕਲਾਕਾਰ ਅਤੇ ਗਾਇਕ ਵੀ ਆਪਣੀ ਕਲਾ ਦੇ ਰੰਗ ਬਖੇਰਨਗੇ।

# ਵਿਗਿਆਨਿਕ ਖੇਤਰ ਚ ਪੰਜਾਬਣ ਨੇ ਕੀਤਾ ਸ਼ਲਾਘਾਯੋਗ ਉਪਰਾਲਾ

**ਵੈਨਕੂਵਰ ,ਜੂਨ (ਮਲਕੀਤ ਸਿੰਘ)-** ਪੰਜਾਬ ਦੇ ਮੋਗਾ ਜਿਲੇ ਦੇ ਪਿੰਡ ਮਾਛੀਕੇ ਨਾਲ ਸੰਬੰਧਿਤ ਕਨੇਡਾ ਰਹਿੰਦੀ ਪੰਜਾਬਣ ਨੇ ਵਿਗਿਆਨਕ ਖੇਤਰ ਚ ਅਹਿਮ ਪ੍ਰਾਪਤੀ ਕਰਕੇ ਪੰਜਾਬੀ ਭਾਈਚਾਰੇ ਸਮੇਤ ਪੂਰੇ ਭਾਰਤੀ ਭਾਈਚਾਰੇ ਦਾ ਨਾਮ ਵਿਸ਼ਵ ਪੱਧਰ ਤੇ ਚਮਕਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਜ਼ਿਕਰ ਯੋਗ ਹੈ ਕਿ ਐਮ ਸੀ ਮਾਸਟਰ ਯੂਨੀਵਰਸਿਟੀ ਅਤੇ ਇੰਸਟੀਚਿਊਟ ਪੈਸਟੀਚਿਊਰ ਦੀ ਵਿਗਿਆਨਿਕ ਟੀਮ ਵੱਲੋਂ ਹਾਲ ਹੀ ਚ ਪਲੇਗ ਦੀ ਬਿਮਾਰੀ ਨਾਲ ਸੰਬੰਧਿਤ ਇੱਕ ਬੈਟੀਰੀਆ ਦੀ ਖੋਜ ਕੀਤੀ ਗਈ ਹੈ ਜਿਸ ਨਾਲ ਉਕਤ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ। ਇਸ ਟੀਮ ਵਿੱਚ ਲੇਖਕਾ ਵਜੋਂ ਸ਼ਾਮਿਲ ਪੰਜਾਬਣ ਡਾਕਟਰ ਰਵਨੀਤ ਕੌਰ ਵੱਲੋਂ ਡੈਨਮਾਰਕ ਤੋਂ ਮਿਲੇ ਪੁਰਾਣੇ ਡੀਐਨਏ ਸੈਂਪਲਾਂ ਦੀ ਬਰੀਕੀ ਨਾਲ ਅਧਿਐਨ ਕਰਕੇ ਸੰਬੰਧਿਤ ਜੀਨ ਦੇ ਗਾਇਬ ਹੋ ਜਾਣ ਬਾਰੇ ਪਤਾ ਲਗਾਉਣ ਚ ਸਫਲਤਾ ਹਾਸਿਲ ਕੀਤੀ ਗਈ ਹੈ।



**ਕੈਪਸ਼ਨ ਡਾਕਟਰ ਰਵਨੀਤ ਕੌਰ ਦੀ ਇੱਕ ਤਸਵੀਰ**

# ਵੈਨਕੂਵਰ ਚ ਵਾਪਰੇ ਕਿਸਤੀ ਹਾਦਸੇ ਚ ਇੱਕ ਬੱਚੇ ਦੀ ਮੌਤ -ਇੱਕ ਗੰਭੀਰ ਜਖਮੀ

ਵੈਨਕੂਵਰ, ਜੂਨ (ਮਲਕੀਤ ਸਿੰਘ)- ਨੌਰਥ ਵੈਨਕੂਵਰ ਦੇ ਕੈਟਰਸ ਪਾਰਕ ਨੇੜਲੇ ਇੱਕ ਬੀਚ ਤੇ ਵਾਪਰੇ ਇੱਕ ਕਿਸ਼ਤੀ ਹਾਦਸੇ ਵਿੱਚ ਇੱਕ ਬੱਚੇ ਦੀ ਮੌਤ ਅਤੇ ਦੂਸਰੇ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੀ ਸੂਚਨਾ ਹੈ। ਪ੍ਰਾਪਤ ਵੇਰਵਿਆਂ ਮੁਤਾਬਿਕ ਬੀਚ ਦੇ ਕੰਢੇ ਨੇੜੇ ਇਨਫੈਂਟਬਲ ਟਿਊਬ ਤੇ ਦੋ ਬੱਚੇ ਸਵਾਰੀ ਕਰ ਰਹੇ ਸਨ ਕਿ ਅਚਾਨਕ ਇਸ ਦੌਰਾਨ ਤੇਜ ਰਫਤਾਰ ਕਿਸ਼ਤੀ ਉਹਨਾਂ ਦੀ ਟਿਊਬ ਨਾਲ ਜਾ ਟਕਰਾਈ ਜਿਸ ਦੇ ਸਿੱਟੇ ਵਜੋਂ ਡੂੰਘੀਆਂ ਸੱਟਾਂ ਲੱਗਣ ਕਾਰਨ ਟਿਊਬ ਤੇ ਸਵਾਰ ਇੱਕ 11 ਸਾਲਾ ਬੱਚੇ ਦੀ ਮੌਕੇ ਤੇ ਮੌਤ ਹੋ ਗਈ ਜਦੋਂ ਕਿ ਦੂਸਰਾ ਬੱਚਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਮੌਕੇ ਤੇ ਪੁੱਜੀ ਪੁਲਿਸ ਵੱਲੋਂ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

for more news visit:
www.samajweekly.com

# ਗੁਰੂ ਹਰਗੋਬਿੰਦ ਸਾਹਿਬ 12 ਜੂਨ ਪ੍ਰਕਾਸ਼ ਦਿਵਸ ਤੇ ਵਿਸ਼ੇਸ਼

ਪਹਿਲੀ ਜੂਨ, 1606 ਨੂੰ ਹਰਗੋਬਿੰਦ ਸਾਹਿਬ ਗੁਰਗੱਦੀ ਤੇ ਬਿਠਾਏ। ਭਾਈ ਗੁਰਦਾਸ ਜੀ 31 ਸਾਲ, ਗੁਰੂ ਸਾਹਿਬ ਦੀ ਸੰਗਤ, ਵਿੱਚ ਬਿਤਾਏ। ਗੁਰੂ ਸਾਹਿਬ ਦੇ ਜੀਵਨ ਦੇ ਕੌਤਕਾਂ ਨੂੰ ਦੇਖਿਆ ਤੇ ਜਾਣਿਆ। 17 ਅਗਸਤ 1637 ਨੂੰ ਭਾਈ ਗੁਰਦਾਸ ਜੀ ਸਵਰਗ ਸਿਧਾਰੇ, ਗੁਰੂ ਰੰਗ ਮਾਣਿਆ।

ਬਾਬੇ ਨਾਨਕ ਦੇ, ਘਰ ਦੀ ਪੀੜ੍ਹੀ ਚੱਲੀ, ਗੁਰੂ-ਚੇਲੇ ਦੇ ਪ੍ਰੇਮ ਦਾ ਚਰਚਾ ਹੋਇਆ। ਗੁਰੂ ਸਾਹਿਬ ਦੇ, ਅੰਗ ਲੱਗ ਕੇ, ਬਣੇ ਅੰਗਦ,ਜਦੋਂ ਬਾਬਾ ਲਹਿਣਾ ਜੀ, ਨਾਨਕ ਨੂੰ ਭਾਇਆ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਬ੍ਰਿਖ ਤੋਂ ਅੰਮ੍ਰਿਤ ਫਲ ਪਾਇਆ। ਗੁਰੂ ਹਰਗੋਬਿੰਦ ਜੀ, ਗੁਰਿਆਈ ਦੀ ਪਰਖ ਦਾ ਨਮਸਕਾਰ ਕਰਾਇਆ। ਜਿਵੇਂ ਸੂਰਜ ਲੁਕਦਾ ਨਹੀਂ





ਲੁਕਾਇਆ।

ਹਰਖ ਸੋਗ ਤੋਂ ਦੂਰ, ਰਸ, ਕਸ, ਰੂਪ ਤੇ ਰੇਖ,ਤੇ ਰੰਗ-ਰਾਗ ਤੋਂ ਰਹੇ ਨਿਰ-ਲੇਪ। ਗੁਰੂ ਅਰਜਨ ਦੇਵ ਜੀ ਵਿਸਮਾਦ ਰੂਪ ਗੁਰੂ ਹਰਗੋਬਿੰਦ ਨੂੰ ਮਿਲ,ਗੁਰਮੁਖਾਂ ਨੂੰ ਰਾਹ ਦੱਸਿਆ, ਖੰਡੇ ਦੀ ਧਾਰ ਤੇ, ਚੱਲਣ ਦੀ ਰੱਖਣ ਟੇਕ। ਛੇਵੇਂ ਗੁਰੂ ਜੀ ਹਰ ਪੱਖੋਂ ਹੋਏ ਅਤੋਲ ਦੀਨ ਦੁਨੀਆ ਦੇ ਪਾਤਸ਼ਾਹ ਗੁਰੂ ਅਡੋਲ।

ਛੇਆਂ ਪੀੜ੍ਹੀਆਂ ਦੇ ਦਰਸ਼ਨ, ਉਨ੍ਹਾਂ ਦੇ ਅੰਦਰ ਹੁੰਦੇ। ਸਿੱਧਾਂ, ਨਾਥਾਂ, ਜੋਗੀਆਂ, ਜਤੀਆਂ, ਸਤੀਆਂ, ਸੰਤੋਖੀਆਂ, ਜਾਣਿਆ ; ਸਭ ਗੁਣ ਇਨ੍ਹਾਂ ਅੰਦਰ ਹੁੰਦੇ ਗੁੰਦੇ। ਅੰਤਰਜਾਮੀ ਹੋ ਕੇ ਵੀ ਭੋਲਾ ਬਣਿਆ ਰਹਿੰਦਾ। ਏਕੰਕਾਰ ਤੋਂ ਓਅੰਕਾਰ ਰੂਪ ਧਾਰਕੇ, ਉਨ੍ਹਾਂ ਦਾ ਜਸ, ਛੱਤਰ ਚੰਦਰਮਾ ਵਾਂਗੂੰ, ਸਾਰੇ ਪਾਸੇ ਤਣਿਆ ਰਹਿੰਦਾ। ਪੰਜ ਪਿਆਲੇ ; ਸਤਿ, ਸੰਤੋਖ, ਦਇਆ, ਧਰਮ ਤੇ ਵਿਚਾਰ ਦੇ। ਪਹਿਲੇ ਪੰਜ ਗੁਰਾਂ, ਇਹ ਧਾਰਨ ਕੀਤਾ, ਤਖਤ ਤੇ ਬਿਠਾਇਆ ਵਿੱਚ ਸਿੱਖ ਸੰਸਾਰ ਦੇ। ਬੜੀ ਔਖੀ ਸੇਵਾ ਸੌਂਪੀ, ਗੁਰੂਆਂ ਕਾਇਆ, ਪਲਟੀ ਕਰਕੇ, ਜੋਤ-ਮੂਰਤ ਸਵਾਰ ਲਈ। ਸੋਢੀ ਵੰਸ ਦੀ ਪੀੜ੍ਹੀ ਚੱਲੀ, ਗੁਰੂ ਰਾਮਦਾਸ ਜੀ ਤੋਂ ਹੋ ਕੇ ਦੁਨੀਆਂ ਦੇ ਪਰਉਪਕਾਰ ਲਈ।

ਛੇਵੇਂ ਗੁਰੂ ਸਨ,ਵੱਡੇ ਯੋਧੇ ਅਤੇ ਸੂਰਮੇ। ਵੈਰੀਆਂ ਦੇ ਦਲਾਂ ਦਾ, ਨਾਸ ਕਰਕੇ, ਪਾਏ ਪੂਰਨੇ। ਭਾਈ ਗੁਰਦਾਸ ਜੀ ਦੇ ਪੁੱਛਣ ਤੇ, ਅਗਮ ਅਗੋਚਰ ਗੁਰੂ ਜੀ ਵਚਨ ਕੀਤਾ, ਸੋਢੀਆਂ ਦੀ ਪੁਸ਼ਤ ਦੀ ਨੀਹ ਪੱਕੀ ਹੈ ਉਸਾਰੀ।ਹੋਣਗੇ ਚਾਰ ਸਤਿਗੁਰੂ ਹੋਰ, ਅਵਤਾਰ ਧਾਰੀ। ਇੱਕ ਫੁਰਨੇ ਤੇ, ਜਿਸ ਨਿਰੰਕਾਰ, ਬ੍ਰਹਮੰਡ ਦਾ ਕੀਤਾ ਪਸਾਰ। ਨਾਨਕ ਤੋਂ ਲੈ ਕੇ ਗੁਰੂ ਅਰਜਨ ਦੇਵ ਤੱਕ,੧ਓਂਕਾਰ ਦਾ ਰੂਪ ਲਿਆ ਧਾਰ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**

# ਸਬਰ ਅਤੇ ਸ਼ੁਕਰ

ਰੱਬ ਦੀ ਨਿਆਮਤਾਂ ਵੱਲ ਸਾਡਾ ਕਦੇ ਧਿਆਨ ਨਹੀਂ ਜਾਂਦਾ ਕਿਉਂਕਿ ਇਨਸਾਨ ਆਪਣੀ ਇਨਸਾਨੀਅਤ ਭੁੱਲ ਜਾਂਦਾ ਹੈ। ਅਸੀਂ ਕਦੇ ਕਿਉਂ ਨਹੀਂ ਸ਼ੁਕਰਾਨੇ ਵਿੱਚ ਰੱਬ ਦੇ ਅੱਗੇ ਹੱਥ ਜੋੜਦੇ। ਕਦੀ ਰੱਬ ਦੀ ਦਿੱਤੀਆਂ ਦਾਤਾਂ ਦਾ ਸ਼ੁਕਰ ਕਰਕੇ ਦੇਖੀਏ। ਹਰ ਮਨੁੱਖ ਸ਼ਿਕਾਇਤਾਂ ਨਾਲ ਭਰਿਆ ਹੋਇਆ ਹੈ ।ਇਹ ਸ਼ਿਕਵੇ ਇਨਸਾਨ ਦੇ ਵੱਖਰੇ ਵੱਖਰੇ ਨੇ ਕਿਸੇ ਕੋਲ ਗਰੀਬੀ ਦਾ ਰੋਣਾ ;ਕਦੇ ਕੋਈ ਕੰਮ ਨਹੀਂ ਸਿਰੇ ਚੜ ਰਿਹਾ ।ਗੁਰੂ ਘਰ ਜਾਨੇ ਆਂ ਅਸੀਂ ਸਾਰੇ ਵਪਾਰੀ ਬਣ ਕੇ ਜਿਵੇਂ ਸਾਡੇ ਵਿੱਚ ਕੋਈ ਸੌਦੇਬਾਜੀ ਹੋਈ ਹੋਵੇ ਉਸ ਰੱਬ ਨਾਲ। ਕਦੇ ਵਾਹਿਗੁਰੂ ਦਾ ਸ਼ੁਕਰ ਕਰਨ ਜਾਂਦੇ ਹੀ ਨਹੀਂ।ਅਸੀਂ ਭੁੱਲ ਜਾਂਦੇ ਹਾਂ ਉਹ ਦੇ ਰਿਹਾ ਹੈ ਤੇ ਹਰ ਵਕਤ ਸਾਨੂੰ ਦਈ ਜਾ ਰਿਹਾ ਹੈ ।ਪੁੱਛ ਕੇ ਤਾਂ ਦੇਖੋ ਇੱਕ ਬਿਮਾਰ ਬੰਦੇ ਨੂੰ ਕਿ ਉਸ ਦੇ ਦਿੱਤੇ ਸਾਹਾਂ ਦੀ ਕੀਮਤ ਕੀ ਹੈ ।ਉਹ ਸਾਨੂੰ ਰੋਜ਼ ਜਿਉਂਦਿਆਂ ਉਠਾ ਦਿੰਦਾ ਹੈ ਹਾਲਾਂਕਿ ਲੱਖਾਂ ਲੋਕਾਂ ਨੂੰ ਅਗਲੀ ਸਵੇਰ ਦੇਖਣ ਨੂੰ ਵੀ ਨਹੀਂ ਮਿਲਦੀ ਉਹ ਸਾਨੂੰ ਮੁਫਤ ਵਿੱਚ ਆਕਸੀਜਨ ਪਾਣੀ ਦੇ ਰਿਹਾ ਹੈ ਫਿਰ ਵੀ ਅਸੀਂ ਸ਼ੁਕਰ ਨਹੀਂ ਕਰਦੇ।ਦੂਜਾ ਪੜਆ ਕਿ ਜਦੋਂ ਤੱਕ ਇੱਕ ਬੰਦੇ ਨੂੰ ਸਬਰ ਕਰਨਾ ਆ ਗਿਆ ਸ਼ੁਕਰਾਨਾ ਕਰਨਾ ਆਪਣੇ ਆਪ ਹੀ ਆ ਜਾਂਦਾ ਹੈ।ਹੁਣ ਸਵਾਲ ਆ ਜਾਂਦਾ ਹੈ ਕਿ ਸਬਰ ਕਦੋਂ ਆਉਂਦਾ ਹੈ? ਇਹ ਗੁਣ ਬੰਦੇ ਦੇ ਅੰਦਰ ਆਉਂਦਾ ਜਦੋਂ ਇਨਸਾਨ ਰੱਬ ਦਾ ਹਰ ਇੱਕ ਚੀਜ਼ ਜੋ ਉਸਨੇ ਬਖਸ਼ੀ ਹੈ ਉਸ ਦਾ ਸ਼ੁਕਰਾਨਾ ਕਰਨਾ ਸਿੱਖ ਜਾਵੇ।ਨਿਮਾਣਾ ਹੋ ਕੇ ਉਸ ਵਾਹਿਗੁਰੂ ਅੱਗੇ ਝੁਕ ਜਾਵੇ। ਪੰਜ ਵਿਕਾਰਾਂ ਨੂੰ ਛੱਡ ਦੇਵੇ।ਆਪਣਾ ਆਪ ਪਰਮ ਪਿਤਾ ਪਰਮਾਤਮਾ ਅੱਗੇ ਵਾਰ ਦੇਵੇ।ਜੇ ਇਨਸਾਨ ਨੂੰ ਸੰਤੋਖ ਨਾਲ ਜਿਉਣ ਦੀ ਜਾਂਚ ਆ ਜਾਵੇ ਤਾਂ ਉਹ ਵੱਡੀ ਤੋਂ ਵੱਡੀ ਮੁਸੀਬਤ ਨਾਲ ਲੜਨ ਦੇ ਸਮਰੱਥ ਹੋ ਜਾਂਦਾ ਹੈ।ਫਿਰ ਉਹ ਪਾਉਣ ਤੇ ਗਵਾਚਣ ਦੇ ਡਰ ਤੋਂ ਉੱਪਰ ਉੱਠ ਜਾਂਦਾ ਹੈ ਉਹ ਸੁੱਖ ਦੁੱਖ ਤੋਂ ਨਿਰਲੇਪ ਹੋ ਕੇ ਜ਼ਿੰਦਗੀ ਜਿਉਣ ਦੀ ਜਾਂਚ ਸਿੱਖ ਜਾਂਦਾ ਹੈ ਜੋ ਕਿ ਅਸਲ ਸ਼ਾਂਤੀ ਦਾ ਮਿਆਰ ਬਣਦੀ ਹੈ।ਸ਼ੁਕਰਾਨਾ ਕਰੋ ਜਿਸ ਪਰਮ ਪਿਤਾ ਪਰਮਾਤਮਾ ਨੇ ਸਾਨੂੰ ਬਹੁਤ ਸੋਹਣੀ ਸਵੇਰ ਦੇਖਣ ਦਾ ਮੌਕਾ ਦਿੱਤਾ ।ਕਈ ਮਨੁੱਖ



ਸਰਵਜੀਤ ਕੌਰ ਪਨਾਗ

ਤਾਂ ਦਿਨ ਦੀ ਰੌਸ਼ਨੀ ਵੇਖ ਹੀ ਨਹੀਂ ਸਕਦੇ।ਸੋ ਕਹਿਣ ਦਾ ਭਾਵ ਹਰ ਚਲਦੇ ਸਾਹ ਨਾਲ ਉਸ ਪਰਮਾਤਮਾ ਦਾ ਸ਼ੁਕਰ।ਪਰ ਇਹ ਵਾਹਿਗੁਰੂ ਦੀ ਕਿਰਪਾ ਨਾਲ ਤਾਂ ਹੀ ਸੰਭਵ ਹੈ ਜਦੋਂ ਅਸੀਂ ਖੁਦ ਸ਼ਨਾਸੀ (ਆਪਣੇ ਆਪ ਨੂੰ ਜਾਨਣਾ) ਕਰਾਂਗੇ।ਜਦੋਂ ਅਸੀਂ ਆਪਣੇ ਆਪ ਨੂੰ ਫਰੋਲਾਂਗੇ ਤਾਂ ਹੀ ਆਪਣੇ ਜੀਵਨ ਵਿੱਚ ਇਸਲਾਹ (ਸੁਧਾਰ) ਕਰਾਂਗੇ । ਜਦੋਂ ਅਸੀਂ ਇਸ ਰੱਬ ਅੱਗੇ ਆਪਣੇ ਆਪ ਨੂੰ ਅਰਪਣ ਕਰ ਦਿੰਨੇ ਹਾਂ ਤਾਂ ਹੀ ਅਸੀਂ ਸਬਰ ਦਾ ਰਸ ਪੀ ਸਕਦੇ ਹਾਂ ਤਾਂ ਹੀ ਅਸੀਂ ਸ਼ੁਕਰਾਨੇ ਲਈ ਰੱਬ ਅੱਗੇ ਚੁੱਕ ਸਕਦੇ ਹਾਂ।ਜਦੋਂ ਤੱਕ ਇੱਕ ਵਿਅਕਤੀ ਸੰਤੋਖ ਨਾਲ ਜ਼ਿੰਦਗੀ ਵਸਰ ਨਹੀਂ ਕਰਨਾ ਜਾਣਦਾ ਉਹ ਦੁਨਿਆਵੀ ਖੇਡਾਂ ਦੇ ਪਿੱਛੇ ਭੱਜਦਾ ਰਹੂਗਾ।ਜਦੋਂ ਸਾਡੇ ਹੱਥ ਉਸ ਪਰਮ ਪਿਤਾ ਪਰਮਾਤਮਾ ਦਾ ਹਰ ਵੇਲੇ ਸ਼ੁਕਰ ਕਰਨ ਲੱਗ ਜਾਣ ਤਾਂ ਸਮਝ ਜਾਣਾ ਹਿਰਦਾ ਸਬਰਨਾਲ ਭਰ ਗਿਆ ਹੈ ।ਉਸ ਕਾਦਰ ਤੇ ਵਿਸ਼ਵਾਸ ਹੋ ਗਿਆ ਹੈ ।ਉਸ ਦੇ ਬਣਾਇਆ ਹੋਏ ਚੱਕਰਵਿਊ ਵਿੱਚ ਸਾਨੂੰ ਲੰਘਣਾ ਆ ਗਿਆ ਹੈ।ਫਿਰ ਸਾਨੂੰ ਸਮਝ ਆ ਗਿਆ ਅਸੀਂ ਇਸ ਕਾਇਨਾਤ ਵਿੱਚ ਸਦਾ ਲਈ ਨਹੀਂ ਆਏ।ਅਸੀਂ ਕਿਰਦਾਰ ਅਦਾਕਾਰ ਵਾਪਸ ਆਪਣੇ ਘਰ ਪਰਤਣਾ ਹੈ ਸੋ ਕਹਿਣ ਤੋਂ ਭਾਵ ਅਸੀਂ ਜ਼ਿੰਦਗੀ ਨਾਲ ਆਰੂਫ ਕਰੀਏ।ਸ਼ੁਕਰਾਨਾ ਕਰਦੇ ਰਹੀਏ ਤੇ ਤਜਾਹੁਲ (ਬੇਪਰਵਾਹੀ) ਨਾਲ ਜ਼ਿੰਦਗੀ ਬਸ਼ਰ ਕਰੀਏ ਕਿਉਂਕਿ ਰੱਬ ਸਾਡਾ ਪਿਤਾ ਹੈ ਤੇ ਪਿਤਾ ਕਦੇ ਆਪਣੇ ਬੱਚਿਆਂ ਦਾ ਮਾੜਾ ਨਹੀਂ ਕਰਦਾ।।

# ਕਵਿਤਾ ਦਾ ਦਰਿਆ

ਚੈੱਨਲ ਸੁਪਨ ਉਡਾਰੀ ਦੇ ਮਾਲਿਕ, ਵਧੀਆ ਪੱਤਰਕਾਰ, ਫੋਟੋਗ੍ਰਾਫਰ ਅਤੇ ਮੇਰੇ ਸੁਹਿਰਦ ਮਿੱਤਰ ਸ੍ਰੀ Satpal Mann ਜੀ ਦੇ ਉਚੇਚੇ ਸੱਦੇ ਤੇ ਅੱਜ ਐਲ ਡੀ ਕੈਮਿਸਟਰੀ ਹਾਲ ਬਠਿੰਡਾ ਵਿੱਚੇ ਬਜ਼ੁਰਗ ਸਾਹਿਤਕਾਰ ਸ੍ਰੀ ਸੀ ਮਾਰਕੰਡਾ ਜੀ ਦਾ ਰੂ ਬ ਰੂ ਅਤੇ ਪ੍ਰੋਗਰਾਮ ਕਵਿਤਾ ਦਾ ਦਰਿਆ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ। ਪ੍ਰਸਿੱਧ ਗ਼ਜ਼ਲ ਗਾਇਕ ਸ਼੍ਰੀ ਹਰੀ ਕਿਸ਼ਨ ਸ਼ਰਮਾ ਜੀ ਨੇ ਸ੍ਰੀ ਸੀ ਮਾਰਕੰਡਾ ਜੀ ਦੀਆਂ ਕਵਿਤਾਵਾਂ ਦਾ ਗਾਇਨ ਕੀਤਾ। ਤਬਲੇ ਤੇ ਉਹਨਾਂ ਦੇ ਬੇਟੇ ਜਸ਼ਨ ਸ਼ਰਮਾ ਨੇ ਉਹਨਾਂ ਦਾ ਬਾਖੂਬੀ ਸਾਥ ਦਿੱਤਾ। ਮੰਚ ਸੰਚਾਲਨ ਦੀ ਜੁੰਮੇਵਾਰੀ ਜਾਣੇ ਪਹਿਚਾਣੇ ਗਜ਼ਲਗੋ ਸ਼੍ਰੀ Jaspal Jasis ਜੀ ਨੇ ਆਪਣੇ ਨਿਵੇਕਲੇ ਅੰਦਾਜ਼ ਵਿੱਚ ਨਿਭਾਈ। ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ ਤੇ ਗਾਉਣ .... ਦੇ ਅਨੁਸਾਰ ਵੀਡੀਓਗ੍ਰਾਫੀ ਖੁਦ ਸੱਤਪਾਲ ਮਾਨ ਜੀ ਕਰ ਰਹੇ ਸਨ। ਸਮਾਰੋਹ ਦਾ ਆਗਾਜ਼ ਸ਼੍ਰੀ ਸੀ ਮਾਰਕੰਡਾ ਜੀ ਦੇ ਦੋਹਤੇ ਨੇ ਆਪਣੀ ਵਧੀਆ ਗਾਇਕੀ ਨਾਲ ਕੀਤਾ। ਹੌਂਸਲਾ ਅਫਜਾਈ ਲਈ ਵਜਾਈਆਂ ਤਾੜੀਆਂ ਨਾਲ ਹਾਲ ਗੂੰਜ ਉੱਠਿਆ। ਸਮਾਗਮ ਦੇ ਕੇਂਦਰ ਬਿੰਦੂ ਸ਼੍ਰੀ ਸੀ ਮਾਰਕੰਡਾ ਜੀ ਨੇ ਦੱਸਿਆ ਕਿ ਉਹਨਾਂ ਨੂੰ ਲਿਖਣ ਅਤੇ ਪੜ੍ਹਨ ਦੀ ਚਿਟਕ ਆਪਣੇ ਹੀ ਘਰੋਂ ਲੱਗੀ। ਘਰ ਵਿੱਚ



ਬਹੁਤ ਸਾਰੇ ਕਿੱਸੇ ਮੌਜੂਦ ਸਨ ਜਿੰਨਾ ਨੂੰ ਪੜ੍ਹਕੇ ਉਹਨਾਂ ਨੇ ਬਹੁਤ ਕੁਝ ਸਿੱਖਿਆ। ਸ੍ਰੀ ਮਾਰਕੰਡਾ ਜੀ ਦਾ ਇਹ ਕਹਿਣਾ ਕਿ ਉਹਨਾ ਕੋਲ੍ਹ ਸ਼ਬਦਾਂ ਦਾ ਅਥਾਹ ਖਜ਼ਾਨਾ ਹੈ ਜੋ ਉਸਨੇ ਆਪਣੀ ਦਾਦੀ ਦੀਆਂ ਸੁਣਾਈਆਂ ਬਾਤਾਂ ਅਤੇ ਉਸਦੀ ਮਾਂ ਅਤੇ ਦਾਦੀ ਵਿਚਕਾਰ ਹੁੰਦੀ ਨਿੱਤ ਦੀ ਲੜਾਈ ਚੋ ਸਿੱਖਿਆ। ਇਹ ਵੀ ਨਵਾਂ ਤਜ਼ੁਰਬਾ ਸੀ। ਮਾਰਕੰਡਾ ਜੀ ਕੋਈਂ ਦਸ ਬਾਰਾਂ ਕਿਤਾਬਾਂ ਪਾਠਕਾਂ ਦੀ ਝੋਲੀ ਵਿੱਚ ਪਾ ਚੁੱਕੇ ਹਨ। ਜਿੰਦਗੀ ਦਾ ਅੱਠ ਦਹਾਕਿਆਂ ਤੋਂ ਵੀ ਵੱਧ ਦਾ ਸਫ਼ਰ ਤਹਿ ਕਰ ਚੁੱਕੇ ਸ੍ਰੀ ਮਾਰਕੰਡਾ ਜੀ ਦੀ ਕਲਮ ਅਜੇ ਵੀ ਚੱਲਦੀ ਹੈ। ਉਹ ਅਰਾਮ ਨਾਲ ਚੌਂਕੜੀ ਮਾਰਕੇ ਬੈਠ ਸਕਦੇ ਹਨ ਅਤੇ ਮਾਇਕ ਤੋਂ ਬਿਨਾਂ ਵੀ ਗਰਜ਼ ਸਕਦੇ ਹਨ। ਉਹਨਾ ਦੀ ਆਵਾਜ਼ ਵਿੱਚ ਦਮ ਹੈ। ਭਾਵੇਂ ਘਰੋਂ ਆਏ ਫੋਨ ਕਾਰਨ ਮੈਨੂੰ ਅੱਧੀ ਛੁੱਟੀ ਤੋਂ ਪਹਿਲ਼ਾਂ ਹੀ ਘਰ ਨੂੰ ਭੱਜਣਾ ਪਿਆ ਪਰ ਮੇਰੇ ਨਾਲ ਸਰੋਤਿਆਂ ਦੇ ਰੂਪ ਵਿੱਚ ਬੈਠੇ ਚੋਟੀ ਦੇ ਸਾਹਿਤਕਾਰਾਂ ਨੂੰ ਵਿਚਾਲੇ ਛੱਡਕੇ ਆਉਣਾ ਸੁਖਾਲਾ ਨਹੀਂ ਸੀ। ਇਸ ਨਿਵੇਕਲੀ ਮਹਿਫ਼ਿਲ ਵਿੱਚ ਸਾਹਿਤ ਜਾਗ੍ਰਤੀ ਸਭਾ ਦੇ ਪ੍ਰਧਾਨ Amarjeet iSngh Jeet ਖਜਾਨਚੀ Manjeet iSngh Jeet Pt Iqbal Sra ਪ੍ਰਸਿੱਧ ਐਂਕਰ ਖੁਸ਼ਪ੍ਰੀਤ ਸ਼ੇਰਗਿੱਲ, ਕਵਿਤਰੀ ਸੋਨੀ ਸੰਧੂ, ਅਸ਼ੋਕ ਕੁਮਾਰ ਗਰਗ ਅਤੇ ਸੇਵਾਮੁਕਤ ਪ੍ਰਿੰਸੀਪਲ ਸੁਰਿੰਦਰ ਸ਼ਰਮਾ ਤੋਂ ਹੋਰ ਵੀ ਸਾਹਿਤ ਅਤੇ ਸਿੱਖਿਆ ਜਗਤ ਦੇ ਜਗਮਗ ਕਰਦੇ ਸਿਤਾਰੇ ਮੌਜੂਦ ਸਨ। ਚੰਗੇ ਬੁਲਾਰੇ ਵਧੀਆ ਸਖਸ਼ੀਅਤਾਂ ਅਤੇ ਸੁਹਿਰਦ ਸਰੋਤੇ ਕਿਸੇ ਵੀ ਮਹਿਫ਼ਿਲ ਦਾ ਸ਼ਿੰਗਾਰ ਹੁੰਦੇ ਹਨ। ਅੱਜ ਦੀ ਮਹਿਫ਼ਿਲ ਦੇ ਮੁੱਖ ਮਹਿਮਾਨ, ਮੇਜ਼ਬਾਨ ਅਤੇ ਸਰੋਤਿਆਂ ਵਿਚੋਂ ਉੱਤਮ ਚੁਣਨਾ ਮੇਰੇ ਵੱਸ ਦਾ ਰੋਗ ਨਹੀਂ।

**ਰਮੇਸ਼ ਸੇਠੀ ਬਾਦਲ**
**9876627233**

# ਤਰਕਸ਼ੀਲ ਸੋਚ ਸਮਾਜ ਦੀ ਅਸਲ ਲੋੜ

ਅਸੀਂ ਇੱਕ ਅਜਿਹੇ ਸਮਾਜ ਵਿੱਚ ਰਹਿ ਰਹੇ ਹਾਂ।ਜਿੱਥੇ ਅਕਸਰ ਗੱਲਾਂ ਤਰਕ ਨਾਲ ਨਹੀਂ, ਸਗੋਂ ਭੀੜ ਦੀ ਸੋਚ ਨਾਲ ਕੀਤੀਆਂ ਜਾਂਦੀਆਂ ਹਨ। ਜਿੱਥੇ ਲੋਕ ਸੱਚ ਦੇ ਪਿੱਛੇ ਨਹੀਂ ਜਾਂਦੇ, ਸਗੋਂ ਜੋ ਸਭ ਕਰ ਰਹੇ ਨੇ, ਉਹੀ ਕਰਨਾ ਚੰਗਾ ਸਮਝਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਵਿਚੋਂ ਕੱਢਣ ਦਾ ਰਾਹ ਹੈ ।ਤਰਕਸ਼ੀਲਤਾ। ਤਰਕਸ਼ੀਲ ਹੋਣਾ ਮਤਲਬ ਹੈ ਕਿਸੇ ਵੀ ਗੱਲ ਨੂੰ ਮਨਣ ਤੱਕ ਲੈ ਜਾਣਾ, ਸੋਚਣਾ, ਪਰਖਣਾ ਅਤੇ ਤੱਥਾਂ ਦੇ ਆਧਾਰ 'ਤੇ ਫੈਸਲਾ ਲੈਣਾ। ਅੰਧ ਵਿਸ਼ਵਾਸ, ਝੂਠੀ ਰੀਤੀ ਰਿਵਾਜ਼, ਜਾਂ ਸਿਰਫ਼ ਸਦੀਆਂ ਤੋਂ ਚੱਲੇ ਆ ਰਹੇ ਹਨ ।ਰਿਵਾਜਾਂ ਨੂੰ ਤੱਤ ਸਮਝ ਕੇ ਮੰਨ ਲੈਣਾ। ਇਹ ਅਸਲ ਵਿਚ ਮੂਰਖਤਾ ਦੀ ਹੈ। ਔਜਕੇ ਸਮੇਂ ਕਈ ਲੋਕ ਇਹਨਾਂ ਹੀ ਗੱਲਾਂ ਦਾ ਫਾਇਦਾ ਉਠਾਉਂਦੇ ਹਨ। ਅਸੀਂ ਆਪਣੇ ਸਮਾਜ ਵਿਚ ਵੇਖਦੇ ਹਾਂ ਕਿ ਕਈ ਥਾਵਾਂ ਤੇ ਲੋਕ ਅਸਲੀ ਦਵਾਈ ਦੀ ਥਾਂ ਢੌਂਗੀ ਬਾਬਿਆਂ ਕੋਲ ਜਾਂਦੇ ਹਨ। ਕਿਸੇ ਦੀ ਮੌਤ ਹੋ ਜਾਵੇ, ਤਾਂ ਕਈ ਥਾਵਾਂ ਤੇ ਇਸਨੂੰ ਭੂਤ-ਪ੍ਰੇਤ ਦਾ ਸਾਇਆ ਕਹਿ ਦਿੰਦੇ ਹਨ। ਇਸ ਤਰ੍ਹਾਂ ਦੀ ਸੋਚ, ਸਮਾਜ ਨੂੰ ਅੱਗੇ ਨਹੀਂ ਵਧਾਉਂਦੀ। ਇਹ ਰੋਕ ਦਿੰਦੀ ਹੈ। ਤਰਕਸ਼ੀਲਤਾ ਦੀ ਸ਼ੁਰੂਆਤ ਸਿੱਖਿਆ ਤੋਂ ਹੁੰਦੀ ਹੈ। ਜਦ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਵਾਲ ਪੁੱਛਣ ਦੀ ਆਜ਼ਾਦੀ ਮਿਲੇ, ਤੇ ਉਹਨਾਂ ਨੂੰ ਸਿਖਾਇਆ ਜਾਵੇ ਕਿ ਹਰ ਗੱਲ ਦਾ ਤੱਥ ਹੁੰਦਾ ਹੈ। ਉਦੋਂ ਹੀ ਇੱਕ ਤਰਕਸ਼ੀਲ ਪੀੜ੍ਹੀ ਤਿਆਰ ਹੋਵੇਗੀ।

ਨੌਜਵਾਨਾਂ ਵਿੱਚ ਤਰਕਸ਼ੀਲਤਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਉਹ ਦੌਰ ਹੁੰਦਾ ਹੈ ਜਿੱਥੇ ਮਨੁੱਖ ਆਪਣੇ ਫੈਸਲੇ ਖ਼ੁਦ ਲੈਂਦਾ ਹੈ। ਜੇ ਅਸੀਂ ਨੌਜਵਾਨਾਂ ਵਿੱਚ ਹੀ ਸੋਚਣ, ਸਮਝਣ ਅਤੇ ਤਰਕ ਕਰਨ ਦੀ ਆਦਤ ਪਾ ਲਈ, ਤਾਂ ਨਾ ਸਿਰਫ਼ ਆਪਣਾ ਜੀਵਨ, ਸਗੋਂ ਪੂਰਾ ਸਮਾਜ ਬਦਲ ਸਕਦੇ ਹਾਂ।ਤਰਕਸ਼ੀਲਤਾ ਕਦੇ ਵੀ ਸਿਰਫ਼ ਧਰਮ ਜਾਂ ਰੀਤੀਆਂ ਦਾ ਵਿਰੋਧ ਨਹੀਂ, ਇਹ ਤਾਂ ਸਚ ਦੀ ਪਿੱਛਾ ਹੈ। ਇਹ ਮਨੁੱਖੀ ਅਧਿਕਾਰ ਹੈ। ਸੋਚਣ ਦਾ, ਜਾਣਣ ਦਾ, ਤੇ ਫੈਸਲਾ ਕਰਨ ਦਾ। ਜੇ ਅਸੀਂ ਇੱਕ ਤਰਕਸ਼ੀਲ ਸਮਾਜ ਬਣਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਪੜ੍ਹਨ ਨਾਲ ਜ਼ਿਆਦਾ ਸੋਚਣਾ ਸਿੱਖਣਾ ਪਵੇਗਾ।



**ਮੰਜੂ ਰਾਇਕਾ।**
**ਭਿੰਡਰਾਂ (ਸੰਗਰੂਰ)**
**ਮੋ ਨੰਬਰ:-**
**7626053712**

# ਇਤਿਹਾਸਕ ਦਸਤਾਵੇਜ: ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ, ਸੰਘਰਸ਼ ਤੇ ਮਿਸ਼ਨ

"ਕਦੇ ਸੁਣਿਆਂ ਸ਼ੋਸ਼ਣ ਕਰਨ ਵਾਲਾ ਸ਼ੋਸ਼ਿਤਾਂ ਦਾ ਇਤਿਹਾਸ ਲਿਖੇ, ਕਦੇ ਸੁਣਿਆਂ ਪੂੰਜੀਪਤੀ ਗਰੀਬਾਂ ਦਾ ਇਤਿਹਾਸ ਲਿਖੇ, ਅਜਿਹਾ ਕਦੇ ਨਹੀਂ ਹੋਇਆ ਤਾਂ ਫਿਰ ਇਤਿਹਾਸ ਦੀ ਕਹਾਣੀ ਸੱਚੀ ਕਦੋਂ ਹੁੰਦੀ ਹੈ, ਜਿਨ੍ਹਾਂ ਕੋਲ ਰਾਜਸੱਤਾ ਅਤੇ ਪੈਸਾ ਹੁੰਦਾ ਹੈ ਉਹ ਰਾਜ ਸੱਤਾ ਦੇ ਜ਼ੋਰ ਨਾਲ ਜਾਂ ਪੈਸੇ ਨਾਲ ਇਤਿਹਾਸ ਲਿਖ ਲੈਂਦੇ ਹਨ ਜਾਂ ਲਿਖਵਾ ਲੈਂਦੇ ਹਨ।" ਪਰ ਹੁਣ ਆਪਣਾ, ਆਪਣੇ ਪੁਰਖਿਆਂ ਦੁਆਰਾ ਸਿਰਜਿਆ ਇਤਿਹਾਸ ਜਗੀਰਦਾਰਾਂ ਜਾਂ ਸ਼ਾਹੂਕਾਰਾਂ ਦੀ ਜਗ੍ਹਾ ਸਾਡੇ ਆਪਣਿਆਂ ਵਲੋਂ ਸਹੀ ਅਰਥਾਂ ਵਿੱਚ ਆਪ ਲਿਖ ਕੇ ਅਗਲੀਆਂ ਪੀੜ੍ਹੀਆਂ ਲਈ ਸਹੀ ਰਾਹ ਦਸੇਰੇ ਦੇ ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ । ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ, ਸੰਘਰਸ਼ ਤੇ ਮਿਸ਼ਨ ਵੀ ਇਸੇ ਕੜੀ ਵਿੱਚ ਇੱਕ ਵਿਸ਼ੇਸ਼ ਉੱਦਮ ਹੈ ਜੋ ਰਾਜੇਸ਼ ਭਬਿਆਣਾ ਨੇ ਬਾਖੂਬੀ ਕਰ ਦਿਖਾਇਆ ਹੈ। ਸਭ ਤੋਂ ਪਹਿਲਾਂ ਰਾਜੇਸ਼ ਭਬਿਆਣਾ ਜੀ ਨੂੰ "ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ, ਸੰਘਰਸ਼ ਤੇ ਮਿਸ਼ਨ " ਲਿਖਣ ਲਈ ਮੁਬਾਰਕਬਾਦ ਅਤੇ ਨਾਲ ਹੀ ਧੰਨਵਾਦ ਵੀ ਕਰਨਾ ਚਾਹਾਂਗਾ, ਕਿਉਂਕਿ ਇਸ ਇਤਿਹਾਸਕ ਦਸਤਾਵੇਜ ਨੂੰ ਲਿਖਕੇ ਲੇਖਕ ਨੇ ਇਸ ਉਮਰ ਵਿੱਚ ਹੀ ਆਪਣੇ ਆਪ ਨੂੰ ਪਰੌੜ ਲੇਖਕਾਂ ਦੀ ਕਤਾਰ ਵਿੱਚ ਖੜ੍ਹਾ ਕਰ ਲਿਆ ਹੈ । ਇਹ ਲਿਖਤ ਜਿਸ ਢੰਗ ਨਾਲ ਤਰਤੀਬ ਵਾਰ ਪਰਮਾਣਿਕ ਘਟਨਾਵਾਂ ਦਾ ਵਿਵਰਣ ਕਰਦੇ ਹੋਏ ਲਿਖੀ ਹੈ ਸ਼ਾਇਦ ਲੇਖਕ ਨੂੰ ਵੀ ਲਿਖਣ ਵੇਲੇ ਇਸ ਦਾ ਅੰਦਾਜਾ ਨਾ ਹੋਏ ਕਿ ਇਹ ਲਿਖਤ ਜਿਸ ਪੱਧਰ ਦਾ ਦਸਤਾਵੇਜ ਬਣਿਆ ਹੈ, ਆਉਣ ਵਾਲੇ ਸਮੇਂ ਵਿੱਚ ਜਦੋਂ ਖੋਜਾਰਥੀ ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਸੰਘਰਸ਼ ਤੇ ਖੋਜ ਪੱਤਰ ਤਿਆਰ ਕਰਨਗੇ ਤਾਂ ਇਹ ਲਿਖਤ ਉਨ੍ਹਾਂ ਲਈ ਇੱਕ ਲਾਹੇਵੰਦ ਲਿਖਤ ਸਾਬਤ ਹੋਵੇਗੀ।

ਸਾਧਾਰਣ ਲੋਕਾਂ ਦੀਆਂ ਜੀਵਨੀਆਂ ਲਿਖਣੀਆਂ ਤੇ ਇਤਿਹਾਸ ਵਿੱਚ ਨਾਮ ਦਰਜ ਕਰਵਾਉਣ ਵਾਲੀਆਂ ਸ਼ਖਸ਼ੀਅਤਾਂ ਦੀ ਬਜਾਏ ਵੀ ਇਤਿਹਾਸ ਨੂੰ ਬਦਲ ਕੇ ਰੱਖ ਦੇਣ ਵਾਲੇ ਯੁਗਪੁਰਸ਼ ਦੀ ਜੀਵਨੀ ਨੂੰ ਲਿਖਣ ਲੱਗਿਆਂ ਲੇਖਕ ਵਲੋਂ ਜਿਸ ਤਰਤੀਬ ਅਤੇ ਘਟਨਾਵਾਂ ਨੂੰ ਅਤੇ ਆਮ ਭਾਸ਼ਾ ਅਤੇ ਬੋਲ-ਚਾਲ, ਜਿਸ ਨਾਲ ਸੌਖਿਆਂ ਹੀ ਸਮਝਾਇਆ ਜਾ ਸਕੇ, ਵਰਤੋਂ ਕਰਦੇ ਹੋਏ ਲਿਖਤ ਤਿਆਰ ਕੀਤੀ ਹੈ, ਨੂੰ ਪੜ੍ਹਦੇ ਸਮੇਂ ਪੜ੍ਹਨ ਵਾਲਾ ਵੀ ਘਟਨਾਵਾਂ ਦੇ ਧੁਰ ਅੰਦਰ ਤੱਕ ਨਾਲ ਨਾਲ ਚਲਾ ਜਾਂਦਾ ਹੈ ਅਤੇ ਮਹਿਸੂਸ ਕਰਦਾ ਹੈ ਕਿ ਉਹ ਖੁਦ ਵੀ ਘਟਨਾ ਦਾ ਇੱਕ ਵਿਸ਼ੇਸ਼ ਚਸ਼ਮਦੀਦ ਹੋਵੇ।




ਸਾਹਿਬ ਕਾਂਸ਼ੀ ਰਾਮ ਜੀ ਜਿਨ੍ਹਾਂ ਦੀ ਜੀਵਨੀ ਅਤੇ ਸੰਘਰਸ਼ ਲਿਖਿਆ ਗਿਆ ਹੈ ਉਨ੍ਹਾਂ ਨੂੰ ਲਿਖਣ ਤੋਂ ਪਹਿਲਾਂ ਸਮਝਣਾ ਹੀ ਸ਼ਾਇਦ ਆਪਣੇ ਆਪ ਵਿੱਚ ਵੱਖਰਾ ਵਿਸ਼ਾ ਹੈ। ਕਿਉਂਕਿ ਉਨ੍ਹਾਂ ਨੇ ਉਹ ਕੁੱਝ ਕਰ ਦਿਖਾਇਆ ਹੈ ਜੋ ਯਕੀਨ ਕਰਨ ਤੋਂ ਬਹੁਤ ਹੀ ਅਗਾਂਹ ਵਾਲੀ ਸਥਿਤੀ ਹੈ। ਇਸ ਤੋਂ ਪਹਿਲਾਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਵਲੋਂ ਜਿੱਥੇ ਤੱਕ ਕਾਰਵਾਂ ਲੈ ਕੇ ਆਏ ਸੀ ਉਨ੍ਹਾਂ ਵਲੋਂ ਇਸ ਕਾਰਵਾਂ ਨੂੰ ਅੱਗੇ ਲਿਜਾਣ ਲਈ ਕੋਈ ਉਤਰਾਧਿਕਾਰੀ ਨਿਯੁਕਤ ਨਹੀਂ ਕੀਤਾ ਗਿਆ ਸੀ ਅਤੇ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਕਾਰਵਾਂ ਦੇ ਉਤਰਾਧਿਕਾਰੀ ਦੀ ਗ਼ੈਰਮੌਜੂਦਗੀ ਕਾਰਨ ਅੱਗੇ ਤੋਰਨਾ ਅਤੇ ਨਵੀਆਂ ਉਚਾਈਆਂ ਤੱਕ ਜਿੱਥੇ ਇਸ ਨੂੰ ਲੈ ਕੇ ਗਏ ਅਤੇ ਜਿਹੜੇ ਹਲਾਤਾਂ ਦਾ ਸਾਹਮਣਾ ਕੀਤਾ ਅਤੇ ਜਨ ਸਧਾਰਣ ਤੇ ਪ੍ਰਤੱਖ ਪ੍ਰਭਾਵ ਛੱਡ ਸਕੇ ਤੇ ਕਿਸੇ ਵੀ ਕਾਰਵਾਂ ਅੰਦਰ ਇੰਨੇ ਘੱਟ ਸਮੇਂ ਅੰਦਰ ਬਿਲਕੁਲ ਵਿਰੋਧੀ ਪ੍ਰਸਥਿਤੀਆਂ ਅੰਦਰ ਇਸ ਪੱਧਰ ਦੇ ਨਤੀਜੇ ਪ੍ਰਾਪਤ ਕਰ ਲੈਣਾ ਇਹ ਉਨ੍ਹਾਂ ਦੀ ਕਾਰਜ ਸ਼ੈਲੀ ਅਤੇ ਅਦੁੱਤੀ ਸਖਸ਼ੀਅਤ ਨੂੰ ਤਸਦੀਕ ਕਰਦਾ ਹੈ। ਜਿਸ ਕਰਕੇ ਉਸ ਕਾਰਵਾਂ ਦਾ ਇਸ ਮੁਕਾਮ ਤੇ ਪਹੁੰਚਣਾ ਇਤਿਹਾਸ ਨੂੰ ਨਵੇਂ ਸਿਰੇ ਤੋਂ ਲਿਖਣ ਲਈ ਮਜਬੂਰ ਕਰਨ ਯੋਗ ਹੈ ਅਤੇ ਇਹ ਕੋਈ ਵਿਰਲਾ ਅਤੇ ਅਨੋਖਾ ਯੁਗਪੁਰਸ਼ ਹੀ ਕਰ ਸਕਦਾ ਸੀ। ਇਸ ਯੁਗਪੁਰਸ਼ ਦੀ ਜੀਵਨ ਗਾਥਾ ਲਿਖਣ ਲੱਗਿਆਂ ਲੇਖਕ ਵਲੋਂ ਪੂਰਾ ਨਿਆਂ ਕੀਤਾ ਗਿਆ ਹੈ। ਭਾਵੇਂ ਕਿ ਇਹ ਲਿਖਤ ਐਨੇ ਵੱਡੇ ਕਾਰਵਾਂ ਨੂੰ ਇੰਨੇ ਘੱਟ ਸ਼ਬਦਾਂ ਵਿੱਚ ਪਰੋ ਕੇ ਪੇਸ਼ ਕੀਤੀ ਹੈ ਇਹ ਵੀ ਲੇਖਕ ਦੀ ਲਿਖਣ ਕਲਾ/ਮੁਹਾਰਤ ਨੂੰ ਪੇਸ਼ ਕਰਦੀ ਹੈ। ਇਹ ਲਿਖਤ ਪਾਠਕਾਂ ਲਈ ਇੱਕ ਅਜਿਹਾ ਦਸਤਾਵੇਜ ਹੋਵੇਗਾ ਜਿਸ ਅਨੁਸਾਰ ਉਨ੍ਹਾਂ ਪਾਠਕਾਂ ਜਿਹੜੇ ਸਾਹਿਬ ਕਾਂਸ਼ੀ ਰਾਮ ਜੀ ਨੂੰ ਨੇੜੇ ਤੋਂ ਜਾਨਣ ਵਾਲੇ ਹਨ, ਦੂਸਰਾ ਜਿਹੜੇ ਸਾਹਿਬ ਜੀ ਬਾਰੇ ਪਹਿਲੀ ਬਾਰ ਪੜ੍ਹ ਰਹੇ ਹਨ ਜਾਂ ਫਿਰ ਜਿਨ੍ਹਾਂ ਨੇ ਕਿਸੇ ਯੁਗਪੁਰਸ਼ ਦੇ ਇਤਿਹਾਸ ਬਦਲ ਕੇ ਰੱਖ ਦੇਣ ਵਾਲੇ ਕਾਰਨਾਮੇ ਜੋ ਉਨ੍ਹਾਂ ਨੇ ਪ੍ਰਤੱਖ ਕਰ ਕੇ ਦਿਖਾਏ ਇਸ ਮਨਸੂਬੇ ਨਾਲ ਪੜ੍ਹਨੀ ਹੈ ਉਨ੍ਹਾਂ ਸਾਰਿਆਂ ਨੂੰ ਹੀ ਉਨ੍ਹਾਂ ਦੇ ਜੀਵਨ ਅਤੇ ਸੰਘਰਸ਼ ਦੇ ਪਾਤਰ ਦੇ ਰੂਪ ਵਿੱਚ ਲਿਜਾ ਕੇ ਖੜ੍ਹਾ ਕਰ ਦੇਵੇਗੀ।

ਇਸ ਲਈ ਪਾਠਕਾਂ ਦੀ ਅਜਿਹੇ ਯੁਗਪੁਰਸ਼ ਦੇ ਜੀਵਨ ਅਤੇ ਸੰਘਰਸ਼ ਨੂੰ ਜਾਨਣ ਦੀ ਤੀਬਰ ਇੱਛਾ ਨੂੰ ਹੋਰ ਪ੍ਰਬਲ ਕਰੇਗੀ। ਆਓ ਇਸ ਲਿਖਤ ਨੂੰ ਪੜ੍ਹੀਏ ਅਤੇ ਲੇਖਕ ਵਲੋਂ ਸਮਾਜ ਪ੍ਰਤੀ ਆਪਣੀ ਜਿੰਮੇਵਾਰੀ ਸਮਝਦੇ ਹੋਏ ਜਿਸ ਪ੍ਰਤੀਬੱਧਤਾ ਦਾ ਸਪੱਸ਼ਟ ਪ੍ਰਗਟਾਵਾ ਇਸ ਲਿਖਤ ਰਾਹੀਂ ਕਰਦੇ ਹੋਏ ਇਤਿਹਾਸ ਬਣ ਗਈਆਂ ਘਟਨਾਵਾਂ ਦਾ ਚਿਤਰਣ ਕੀਤਾ ਹੈ ਅਤੇ ਯੁਗਪੁਰਸ਼ ਦਾ ਲਾਸਾਨੀ ਸੰਘਰਸ਼ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਦਾ ਸੁਯੋਗ ਉਪਰਾਲਾ ਕੀਤਾ ਹੈ, ਇਸ ਨੂੰ ਪੜ੍ਹ ਕੇ ਤੇ ਮਹਾਂਪੁਰਸ਼ਾਂ ਦੇ ਕਾਰਵਾਂ ਨੂੰ ਅੱਗੇ ਲਿਜਾਣ ਵਿੱਚ ਆਪਣਾ ਯੋਗਦਾਨ ਪਾਈਏ ਕਿਉਂਕਿ ਲੇਖਕ ਦਾ ਐਸੇ ਤਪੱਸਵੀ, ਕਰਮਯੋਗੀ, ਹੱਠਧਰਮੀ ਅਤੇ ਹੋਰ ਅਨੇਕਾਂ ਵਿਸ਼ੇਸ਼ਣਾਂ ਨਾਲ ਸ਼ਿੰਗਾਰੇ ਯੁਗਪੁਰਸ਼ ਦੇ ਜੀਵਨ ਸਫਰ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲਣਯੋਗ ਲਿਖਤ ਉਨ੍ਹਾਂ ਲਈ ਕਾਰਵਾਂ ਨੂੰ ਅੱਗੇ ਚੱਲਦਾ ਰੱਖਣ ਲਈ ਰਾਹ ਦਸੇਰਾ ਵੀ ਹੋ ਸਕੇਗਾ।

ਅਜਿਹੇ ਦਰਵੇਸ਼ ਦੇ ਜੀਵਨ ਅਤੇ ਸੰਘਰਸ਼ ਨੂੰ ਇਸ ਰੂਪ ਵਿੱਚ ਪੇਸ਼ ਕਰਨ ਲਈ ਲੇਖਕ ਨੂੰ ਜਿੱਥੇ ਵਧਾਈ ਦੇਣਾ ਚਾਹਾਂਗਾ ਉੱਥੇ ਹੀ ਧੰਨਵਾਦੀ ਵੀ ਹੋਵਾਂਗਾ ਅਤੇ ਆਪ ਸਭਤੋਂ ਇਹ ਉਮੀਦ ਵੀ ਰੱਖਾਂਗਾ ਕਿ ਜਿਸ ਭਾਵਨਾ ਨਾਲ ਸਮੁੱਚਾ ਉਪਰਾਲਾ ਕੀਤਾ ਗਿਆ ਆਪ ਪਾਠਕ ਵੀ "ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ, ਸੰਘਰਸ਼ ਤੇ ਮਿਸ਼ਨ " ਪੁਸਤਕ ਦਾ ਭਰਪੂਰ ਲਾਭ ਉਠਾਉਂਦੇ ਹੋਏ ਆਪਣਾ ਬਣਦਾ ਯੋਗਦਾਨ ਇਸ ਕਾਰਵਾਂ ਲਈ ਪਾਉਣ ਵਾਸਤੇ ਅੱਗੇ ਆਵੋਗੇ।

"ਆਓ ਆਪਣੇ ਮਹਾਂਪੁਰਸ਼ਾਂ ਦੇ ਚਲਾਏ ਕਾਰਵਾਂ ਨੂੰ ਅੱਗੇ ਲੈ ਕੇ ਜਾਣ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ।

**ਇੰਜੀ: ਜਸਵੰਤ ਰਾਏ (98724-12866)**
**ਸੂਬਾ ਦਫਤਰ ਸਕੱਤਰ**
**ਬਹੁਜਨ ਸਮਾਜ ਪਾਰਟੀ, ਪੰਜਾਬ**

# ਅੰਬੇਡਕਰ ਮਿਸ਼ਨ ਸੋਸਾਇਟੀ ਨਿਊਜ਼ੀਲੈਂਡ ਅਤੇ ਬੇਗਮਪੁਰਾ ਸਿੱਖ ਟੈਂਪਲ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ 134 ਵਾਂ ਜਨਮ ਦਿਵਸ ਬਹੁਤ ਹੀ ਧੂਮ ਧਾਮ ਨਾਲ ਬੇਗਮਪੁਰਾ ਸਿੱਖ ਟੈਂਪਲ ਪਾਪਾਕੁਰਾ ਆਕਲੈਂਡ ਨਿਊਜ਼ੀਲੈਂਡ ਵਿਖੇ ਮਨਾਇਆ























**ਜੈ ਭੀਮ ਜੈ ਭਾਰਤ**

ਅੰਬੇਡਕਰ ਮਿਸ਼ਨ ਸੋਸਾਇਟੀ ਨਿਊਜ਼ੀਲੈਂਡ ਅਤੇ ਬੇਗਮਪੁਰਾ ਸਿੱਖ ਟੈਂਪਲ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ 134 ਵਾਂ ਜਨਮ ਦਿਵਸ ਬਹੁਤ ਹੀ ਧੂਮ ਧਾਮ ਨਾਲ ਬੇਗਮਪੁਰਾ ਸਿੱਖ ਟੈਂਪਲ ਪਾਪਾਕੁਰਾ ਆਕਲੈਂਡ ਨਿਊਜ਼ੀਲੈਂਡ ਵਿਖੇ ਮਨਾਇਆ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਸੈਕਟਰੀ ਰੇਸ਼ਮ ਕਰੀਮਪੁਰੀ ਨੇ ਪਹੁੰਚੀਆਂ ਸੰਗਤਾਂ ਨੂੰ ਜੀ ਆਇਆਂ ਆਖ ਕੇ ਕੀਤੀ ਅਤੇ ਪ੍ਰਧਾਨ ਮਹਿੰਦਰਪਾਲ ਡੱਲੀ ਜੀ ਨੇ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਸੰਖੇਪ ਚਾਨਣਾ ਪਾਇਆ ਅਤੇ ਬਾਬਾ ਸਾਹਿਬ ਦੇ ਸੁਪਨਿਆ ਨੂੰ ਪੂਰਾ ਕਰਨ ਦਾ ਪ੍ਰਣ ਕੀਤਾ ਤੇ ਸਾਰੀਆਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ । ਮਿਸ਼ਨਰੀ ਗਾਇਕਾ ਪ੍ਰਿਆ ਬੰਗਾ ਜੀ ਨੇ ਮਿਸ਼ਨਰੀ ਗੀਤਾਂ ਰਾਹੀਂ ਸੰਗਤਾਂ ਨੂੰ ਬਾਬਾ ਸਾਹਿਬ ਦੀ ਵਿਚਾਰ ਧਾਰਾ ਤੋ ਜਾਣੂ ਕਰਵਾਇਆ ਤੇ ਆਪਣੇ ਸੰਗੀਤਕ ਸ਼ਬਦਾਂ ਨਾਲ ਸੰਗਤਾ ਦਾ ਦਿਲ ਜਿੱਤ ਲਿਆ ।ਅੰਬੇਡਕਰ ਮਿਸ਼ਨ ਸੋਸਾਇਟੀ ਦੀ ਪੂਰੀ ਟੀਮ ਬੇਗਮਪੁਰਾ ਸਿੱਖ ਟੈਂਪਲ ਦਾ ਅਤੇ ਲਵਦੀਪ ਸਿੰਘ ਖੜਿਆਲਾ ਸੈਣੀਆ ਜੀ ਦਾ ਜੱਥਾ ਅਤੇ ਸਾਰੀਆਂ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ । ਪਹੁੰਚੇ ਮੁੱਖ ਬੁਲ-ਾਰੇ ਤੇ ਸਾਥੀ: ਰਾਮ ਸਿੰਘ, ਦਲਵੀਰ ਧੀਰ, ਬਿੱਲਾ ਮੁਗੋਵਾਲੀਆ, ਮਨੀਸ਼ ਚੋਪੜਾ, ਮਨਜੀਤ ਰੱਤੂ, ਰਾਕੇਸ਼ ਕੁਮਾਰ, ਰੋਮੀਓ, ਗਿਰੀਸ਼ ਗਿੰਨੀ, ਹਨੀ ਪੁਰਹੀਰਾਂ, ਅਮਰਜੀਤ ਬੰਗੜ, ਨਿਤਿਨ ਪੌਲ, ਬਿੱਲਾ ਮੁਗੋਵਾਲੀਆ, ਦਿਨੇਸ਼ ਵਿਰਦੀ, ਮਲਕੀਅਤ ਸਹੋਤਾ, ਹੰਸ ਰਾਜ, ਰਵਿੰਦਰ ਝੰਮਟ, ਪਰਮਜੀਤ ਮਹਿੰਮੀ, ਪਰਦੀਪ ਝਿੱਜੜ, ਹੰਸਰਾਜ ਸਿੱਧੂ (ਸਾਬਕਾ ਕੌਂਸਲਰ ਨੂਰਮਹਿਲ), ਡਾਕਟਰ ਦਰਸ਼ਨ ਕਟਾਰੀਆ, ਰੁਪਿੰਦਰ ਸੁਮਨ, ਰਾਕੇਸ਼ ਰਾਜੂ, ਲਖਵਿੰਦਰ ਲੇਖ, ਸਤਿੰਦਰ ਪੱਪੀ, ਜਗਦੀਸ਼ ਰਾਮ, ਜਤਿੰਦਰ ਧੀਰ ।

**ਗਿਰੀਸ਼ ਗਿੰਨੀ**
**ਮੀਡੀਆ ਇੰਚਾਰਜ**
**ਅੰਬੇਡਕਰ ਮਿਸ਼ਨ ਸੋਸਾਇਟੀ ਨਿਊਜ਼ੀਲੈਂਡ**

**(ਸੰਬੰਧਿਤ ਫੋਟੋਆਂ ਪੇਜ 20 ,21ਤੇ)**

# ਅੰਬੇਡਕਰ ਮਿਸ਼ਨ ਸੋਸਾਇਟੀ ਨਿਊਜ਼ੀਲੈਂਡ ਅਤੇ ਬੇਗਮਪੁਰਾ ਸਿੱਖ ਟੈਂਪਲ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ 134 ਵਾਂ ਜਨਮ ਦਿਵਸ ਬਹੁਤ ਹੀ ਧੂਮ ਧਾਮ ਨਾਲ ਬੇਗਮਪੁਰਾ ਸਿੱਖ ਟੈਂਪਲ ਪਾਪਾਕੁਰਾ ਆਕਲੈਂਡ ਨਿਊਜ਼ੀਲੈਂਡ ਵਿਖੇ ਮਨਾਇਆ
















































for more news visit:
www.samajweekly.com

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**